ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ

ਪਾਲਿਕਾ ਸਮਾਚਾਰ

ਨਵੀਂ ਦਿੱਲੀ

ਪਾਲਿਕਾ ਸਮਾਚਾਰ

ਸਾਲ 36 ਅੰਕ 9-10

ਸਤੰਬਰ-ਅਕਤੂਬਰ 2013

ਸੰਪਾਦਕੀ ਮੰਡਲ

ਸਰਪ੍ਰਸਤ

ਜਲਜ ਸ੍ਰੀਵਾਸਤਵ

ਪ੍ਰਧਾਨ

ਮੁੱਖ ਸੰਪਾਦਕ

ਵਿਕਾਸ ਆਨੰਦ

ਉਪ ਮੁੱਖ ਸੰਪਾਦਕ

ਏ. ਕੇ. ਮਿਸ਼ਰਾ

ਪ੍ਰਕਾਸ਼ਕ ਸੰਪਾਦਕ

ਅਨੀਤਾ ਜੋਸ਼ੀ

ਕਾਰਜਕਾਰੀ ਸੰਪਾਦਕ

ਰਵਿੰਦਰ ਨੰਦਾ

ਸਹਾਇਕ ਸੰਪਾਦਕ

ਰੀਮਾ ਕਾਮਰਾ

ਸਹਿਯੋਗ

ਸੁਮਨ ਕੁਮਾਰ

ਮੁੱਲ

ਇਕ ਕਾਪੀ : 20/- ਰੁ:

ਸਾਲਾਨਾ : ₹ 100/- ਰੁ:

ਪੰਜ ਸਾਲਾਂ ਲਈ : ₹ 400/- ਰੁ:



# ਸੰਪਾਦਕੀ

ਕਿਸੇ ਵੀ ਦੇਸ਼ ਦੇ ਸਮਾਜਿਕ ਅਤੇ ਮਾਲੀ ਵਿਕਾਸ ਦਾ ਮਾਪਦੰਡ ਸਿੱਖਿਆ ਹੁੰਦੀ ਹੈ, ਸਿੱਖਿਆ ਤੋਂ ਬਿਨਾਂ ਮਨੁੱਖ ਦਾ ਵਿਕਾਸ ਸੰਭਵ ਨਹੀਂ ਹੈ। ਕੋਈ ਵੀ ਦੇਸ਼ ਅਗਿਆਨਤਾ, ਗ਼ਰੀਬੀ ਅਤੇ ਭੁੱਖ ਦੇ ਖ਼ਿਲਾਫ਼ ਤਦ ਤੱਕ ਤਿਆਰ ਨਹੀਂ ਹੋ ਸਕਦਾ ਜਦ ਤੱਕ ਕਿ ਉਸ ਦੇਸ਼ ਦੇ ਵਸਨੀਕਾਂ ਵਿੱਚ ਸਿੱਖਿਆ ਦਾ ਵਿਕਾਸ ਨਾ ਹੋਵੇ। ਵਰਤਮਾਨ ਯੁਗ ਵਿੱਚ ਸਿੱਖਿਆ ਨੂੰ ਆਮ ਲੋਕਾਂ ਤੱਕ ਪਹੁੰਚਣਾ ਜ਼ਰੂਰੀ ਹੋ ਗਿਆ ਹੈ ਕਿਉਂਕਿ ਸਿੱਖਿਆ ਦੁਆਰਾ ਅਸੀਂ ਰੂੜ੍ਹੀਵਾਦੀ ਪਰੰਪਰਾਵਾਂ ਦੇ ਹਨੇਰੇ ਤੋਂ ਨਿਕਲ ਕੇ ਅੱਜ ਦੇ ਪ੍ਰਗਤੀਸ਼ੀਲ ਯੁਗ ਵਿੱਚ ਕਦਮ ਨਾਲ ਕਦਮ ਮਿਲਾ ਕੇ ਚੱਲ ਸਕਦੇ ਹਾਂ ਅਤੇ ਸਮਾਜ ਅਤੇ ਦੇਸ਼ ਨੂੰ ਨਵੀਂ ਦਿਸ਼ਾ ਪ੍ਰਦਾਨ ਕਰ ਸਕਦੇ ਹਾਂ। ਇਸ ਲਈ ਸਾਡਾ ਸਭ ਦਾ ਇਹ ਫ਼ਰਜ਼ ਹੈ ਕਿ ਸਿੱਖਿਆ ਦੇ ਪ੍ਰਚਾਰ-ਪ੍ਰਸਾਰ ਵਿੱਚ ਆਪਣੀ ਭਾਗੀਦਾਰੀ ਨਿਭਾਈਏ ਅਤੇ ਸਿੱਖਿਆ ਦੇ ਮਾਧਿਅਮ ਨਾਲ ਦੇਸ਼ ਦੀ ਤਰੱਕੀ ਵਿੱਚ ਆਪਣਾ ਭਰਪੂਰ ਸਹਿਯੋਗ ਪ੍ਰਦਾਨ ਕਰੀਏ।

ਕਿਸੇ ਦੇਸ਼ ਦੇ ਗੌਰਵ ਦਾ ਪ੍ਰਤੀਕ ਉਸ ਦੇਸ਼ ਦੀ ਭਾਸ਼ਾ ਹੁੰਦੀ ਹੈ। ਸਾਡਾ ਸਭ ਦਾ ਨੈਤਿਕ ਫ਼ਰਜ਼ ਹੈ ਕਿ ਰਾਸ਼ਟਰਭਾਸ਼ਾ ਹਿੰਦੀ ਨੂੰ ਅਪਣਾ ਕੇ ਉਸ ਦਾ ਪੂਰਾ ਸਨਮਾਨ ਕਰੀਏ। ਸਹੀ ਅਰਥਾਂ ਵਿੱਚ ਭਾਸ਼ਾ ਹੀ ਕਿਸੇ ਦੇਸ਼ ਦੀ ਪਹਿਚਾਣ ਹੁੰਦੀ ਹੈ ਅਤੇ ਉਸ ਦੇਸ਼ ਦੀ ਸੱਭਿਅਤਾ, ਸੱਭਿਆਚਾਰ ਅਤੇ ਸੰਸਕਾਰ ਭਾਸ਼ਾ ਵਿੱਚੋਂ ਹੀ ਉਜਾਗਰ ਹੁੰਦੇ ਹਨ। ਹਿੰਦੀ ਦੇ ਨਾਲ-ਨਾਲ ਹੋਰ ਭਾਰਤੀ ਭਾਸ਼ਾਵਾਂ ਵੀ ਆਪਣੀ ਵਿਸ਼ੇਸ਼ ਥਾਂ ਅਤੇ ਮਹੱਤਤਾ ਰੱਖਦੀਆਂ ਹਨ। ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਭਾਸ਼ਾਵਾਂ ਦੇ ਪ੍ਰਤੀ ਆਪਣਾ ਫ਼ਰਜ਼ ਨਿਭਾਉਂਦੇ ਹੋਏ ਹਿੰਦੀ, ਉਰਦੂ ਅਤੇ ਪੰਜਾਬੀ ਵਿੱਚ ਪਤਿਰਕਾਵਾਂ ਦਾ ਪ੍ਰਕਾਸ਼ਨ ਕਰ ਰਹੀ ਹੈ।

ਅੱਜ ਦੇ ਮਨੁੱਖ ਦਾ ਜੀਵਨ ਅਨੇਕ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਘਿਰਿਆ ਹੋਇਆ ਹੈ। ਇਸ ਦੇ ਨਾਲ ਹੀ ਵਰਤਮਾਨ ਯੁਗ ਵਿੱਚ ਵਧਦੀ ਹੋੜ ਦੇ ਕਾਰਨ ਮਨੁੱਖ ਨੂੰ ਮਨੋਰੰਜਨ ਦੇ ਲਈ ਸਮਾਂ ਕੱਢਣਾ ਮੁਸ਼ਕਿਲ ਹੋ ਗਿਆ ਹੈ। ਅਜਿਹੇ ਸਮੇਂ ਵਿੱਚ ਤਿਉਹਾਰ ਹੀ ਮਨੁੱਖ ਦੇ ਜੀਵਨ ਵਿੱਚ ਸੁਖਦ ਬਦਲਾਵ ਅਤੇ ਨਵੇਂਪਨ ਦਾ ਸੰਚਾਰ ਕਰਦੇ ਹਨ। ਭਾਰਤੀ ਸੱਭਿਆਚਾਰ ਵਿੱਚ ਤਿਉਹਾਰਾਂ/ਉਤਸਵਾਂ ਦੀ ਖ਼ੁਸ਼ਬੋ ਸਮਾਈ ਹੋਈ ਹੈ। ਤਿਉਹਾਰ ਹੀ ਵਿਭਿੰਨ ਜਾਤੀਆਂ, ਭਾਸ਼ਾਵਾਂ, ਪ੍ਰਾਂਤਾਂ ਅਤੇ ਅਲੱਗ-ਅਲੱਗ ਫ਼ਿਰਕਿਆਂ ਦੇ ਵਿਭਿੰਨ ਰੰਗਾਂ ਨੂੰ ਇਕ ਕਰਨ ਵਿੱਚ ਸਦਾ ਤੋਂ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਰਹੇ ਹਨ। ਗਾਂਧੀ ਜਯੰਤੀ ਅਤੇ ਬਾਲਮੀਕੀ ਜਯੰਤੀ ਤੇ ਮਹਾਂਪੁਰਖਾਂ ਨੂੰ ਨਮਸਕਾਰ ਅਤੇ ਦੁਰਗਾ ਅਸ਼ਟਮੀ, ਦੁਸਹਿਰਾ, ਈਦ-ਉਲ-ਜ਼ੁਹਾ ਦੀਆਂ ਆਪ ਸਭ ਨੂੰ ਬਹੁਤ-ਬੁਹਤ ਮੁਬਾਰਕਾਂ !!

ਮੁੱਖ ਸੰਪਾਦਕ

# ਇਸ ਅੰਕ ਵਿੱਚ


| | | |
|---|---|---|
| **ਬਲਰਾਜ ਸਾਹਨੀ ਨੂੰ ਯਾਦ ਕਰਦਿਆਂ** (ਸ਼ਤਾਬਦੀ ਵਰ੍ਹੇ 'ਤੇ ਵਿਸ਼ੇਸ਼) | 3 | ਪ੍ਰੋ. ਨਵ ਸੰਗੀਤ ਸਿੰਘ |
| **ਤਿੰਨ ਗ਼ਜ਼ਲਾਂ** | 6 | ਸੁਰਜੀਤ ਸਿੰਘ 'ਸਾਜਨ' |
| **ਅਰੁਣ ਦੇ ਪੈਸੇ** (ਅੰਗਰੇਜ਼ੀ ਕਹਾਣੀ) | 7 | ਮੂਲ ਲੇਖਕ : ਰਸਕਿਨ ਬਾਂਡ<br>ਅਨੁ. : ਨਿਰਮਲ ਪ੍ਰੇਮੀ |
| **ਗ਼ਜ਼ਲ** | 10 | ਮੋਹਨ ਸਿੰਘ 'ਬੈਰੀ' |
| **ਗਾਂਧੀ ਜੀ : ਨਾਰੀ ਮੁਕਤੀ ਦੇ ਮਸੀਹਾ** (ਲੇਖ) | 11 | ਪ੍ਰੇਮਭੂਸ਼ਣ ਗੋਇਲ |
| **ਚਾਰ ਮਿੰਨੀ ਕਹਾਣੀਆਂ** (ਸਲੂਕ, ਸਤਿਕਾਰ, ਅਹਿਸਾਸ ਤੇ ਸਟੈਂਡਰਡ) | 13 | ਮਨਪ੍ਰੀਤ ਕੌਰ ਭਾਟੀਆ |
| **ਕੰਮ ਦੀ ਕਦਰ** (ਬੱਚਿਆਂ ਲਈ ਕਹਾਣੀ) | 15 | ਹਰਿੰਦਰ ਸਿੰਘ ਗੋਗਨਾ |
| **ਤਿੰਨ ਕਵਿਤਾਵਾਂ** | 16 | ਇਮਰੋਜ਼ |
| **ਖ਼ੂਬਸੂਰਤ ਮੋੜ** | 17 | ਸਾਹਿਰ ਲੁਧਿਆਣਵੀ |
| **ਗ਼ਜ਼ਲ** | 18 | ਜਸਵੰਤ ਸਿੰਘ ਸੇਖਵਾਂ |
| **ਅਨੋਖਾ ਦੀਪ** (ਕਵਿਤਾ) | 19 | ਆਤਮਾ ਸਿੰਘ ਚਿੱਟੀ |
| **ਦੋ ਬਾਲ ਕਵਿਤਾਵਾਂ** | 20 | ਰਮਨਦੀਪ ਗਿੱਲ |
| **ਪਰੀਸ਼ਦ ਗਤੀਵਿਧੀਆਂ** | 21 | ------- |
| **ਤੁਹਾਡੇ ਖ਼ਤ** | 24 | ------- |



ਇਸ ਅੰਕ ਵਿੱਚ ਛਪੇ ਵਿਚਾਰਾਂ ਨਾਲ ਸੰਪਾਦਕੀ ਮੰਡਲ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਰਚਨਾਵਾਂ ਵਿੱਚ ਸੋਧ, ਕਾਂਟ-ਛਾਂਟ ਆਦਿਕ ਕਰਨ ਦਾ ਪੂਰਾ ਅਧਿਕਾਰ ਹੈ। ਕਿਸੇ ਵੀ ਤਰ੍ਹਾਂ ਦੇ ਵਿਵਾਦ ਦਾ ਜੁਡੀਸ਼ਲ ਖੇਤਰ ਨਵੀਂ ਦਿੱਲੀ ਹੋਵੇਗਾ।



ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਲਈ ਅਨੀਤਾ ਜੋਸ਼ੀ ਦੁਆਰਾ ਪ੍ਰਕਾਸ਼ਿਤ ਅਤੇ ਨੂਤਨ ਪ੍ਰਿੰਟਰਜ਼, ਐਫ-89/12, ਓਖਲਾ ਇੰਡਸਟ੍ਰੀਅਲ ਏਰੀਆ ਫੇਜ਼-I, ਨਵੀਂ ਦਿੱਲੀ- 110020 ਤੋਂ ਛਪੀ। (ਫ਼ੋਨ : 26817055)

ਸੰਪਰਕ ਸੂਤਰ : ਸੰਪਾਦਕ, ਪਾਲਿਕਾ ਸਮਾਚਾਰ (ਦੋ ਮਾਸਿਕ), ਕਮਰਾ ਨੰ: 1209, ਬਾਰ੍ਹਵੀਂ ਮੰਜ਼ਿਲ,
ਪਾਲਿਕਾ ਕੇਂਦਰ, ਸੰਸਦ ਮਾਰਗ, ਨਵੀਂ ਦਿੱਲੀ-110001
ਫ਼ੋਨ : 41501354-70/3209 ਵੈੱਬਸਾਈਟ : www.ndmc.gov.in

ਸ਼ਤਾਬਦੀ ਵਰ੍ਹੇ 'ਤੇ ਵਿਸ਼ੇਸ਼

# ਬਲਰਾਜ ਸਾਹਨੀ ਨੂੰ ਯਾਦ ਕਰਦਿਆਂ

**ਪ੍ਰੋ. ਨਵ ਸੰਗੀਤ ਸਿੰਘ**

ਬਲਰਾਜ ਸਾਹਨੀ (1913-1973) ਪੰਜਾਬੀ ਦਾ ਪ੍ਰਗਤੀ-ਸ਼ੀਲ ਲੇਖਕ ਅਤੇ ਹਿੰਦੀ-ਪੰਜਾਬੀ ਫ਼ਿਲਮਾਂ ਦਾ ਪ੍ਰਸਿੱਧ ਅਦਾਕਾਰ ਹੋ ਗੁਜ਼ਰਿਆ ਹੈ। ਬਹੁਤ ਘੱਟ ਪਾਠਕ ਜਾਣਦੇ ਹੋਣਗੇ ਕਿ ਫ਼ਿਲਮ-ਲਾਈਨ ਵਿੱਚ ਆਉਣ ਤੋਂ ਪਹਿਲਾਂ ਉਹ ਕਲਕੱਤਾ ਵਿਖੇ ਗੁਰੂਦੇਵ ਰਾਬਿੰਦਰਨਾਥ ਟੈਗੋਰ ਦੇ ਸ਼ਾਂਤੀ ਨਿਕੇਤਨ ਵਿਦਿਆਲੇ ਵਿੱਚ ਹਿੰਦੀ ਦਾ ਅਧਿਆਪਕ ਸੀ ਅਤੇ ਅੰਗ੍ਰੇਜ਼ੀ ਵਿੱਚ ਰਚਨਾਵਾਂ ਲਿਖਦਾ ਹੁੰਦਾ ਸੀ। ਡਾ. ਟੈਗੋਰ ਨੂੰ ਜਦੋਂ ਉਸ ਨੇ ਅੰਗ੍ਰੇਜ਼ੀ ਵਿੱਚ ਲਿਖੀਆਂ ਹੋਈਆਂ ਆਪਣੀਆਂ ਕੁਝ ਕਵਿਤਾਵਾਂ ਵਿਖਾਈਆਂ ਤਾਂ ਟੈਗੋਰ ਨੇ ਇਸ ਗੱਲੋਂ ਨਾਰਾਜ਼ਗੀ ਪ੍ਰਗਟਾਈ ਕਿ ਉਹ ਅੰਗ੍ਰੇਜ਼ੀ ਵਿੱਚ ਲਿਖਣ ਦੀ ਬਜਾਇ ਆਪਣੀ ਮਾਂ-ਬੋਲੀ ਪੰਜਾਬੀ ਵਿੱਚ ਕਿਉਂ ਨਹੀਂ ਲਿਖਦਾ? ਇਸ ਤਰ੍ਹਾਂ ਟੈਗੋਰ ਦਾ ਕਹਿਣਾ ਮੰਨ ਕੇ ਉਸ ਨੇ ਪੰਜਾਬੀ ਵਿੱਚ ਲਿਖਣਾ ਸ਼ੁਰੂ ਕੀਤਾ।

ਪੰਜਾਬੀ ਦੇ ਇਸ ਬਹੁਪੱਖੀ ਪ੍ਰਤਿਭਾ ਵਾਲੇ ਲੇਖਕ ਦਾ ਜਨਮ 1 ਮਈ, 1913 ਈ. ਨੂੰ ਲਾਲਾ ਹਰਬੰਸ ਲਾਲ ਸਾਹਨੀ ਦੇ ਘਰ ਰਾਵਲਪਿੰਡੀ (ਪਾਕਿਸਤਾਨ) ਵਿੱਚ ਹੋਇਆ। ਸ਼ੁਰੂ ਵਿੱਚ ਉਸ ਨੇ ਰਾਵਲਪਿੰਡੀ ਦੇ ਗੁਰੂਕੁਲ ਤੋਂ ਸੰਸਕ੍ਰਿਤ ਭਾਸ਼ਾ ਦਾ ਗਿਆਨ ਪ੍ਰਾਪਤ ਕੀਤਾ। ਫਿਰ ਡੀ.ਏ.ਵੀ. ਹਾਈ ਸਕੂਲ ਰਾਵਲਪਿੰਡੀ ਤੋਂ ਮੈਟ੍ਰਿਕ ਪਾਸ ਕਰਕੇ ਗੌਰਮਿੰਟ ਕਾਲਜ ਲਾਹੌਰ ਤੋਂ 1934 ਈ. ਵਿੱਚ ਐੱਮ.ਏ. (ਅੰਗ੍ਰੇਜ਼ੀ) ਦੀ ਡਿਗਰੀ ਪ੍ਰਾਪਤ ਕੀਤੀ।

1936 ਈ. ਵਿੱਚ ਬਲਰਾਜ ਦੀ ਸ਼ਾਦੀ ਦਮਿਅੰਤੀ ਨਾਂ ਦੀ ਸੁਹਣੀ-ਸੁਨੱਖੀ ਮੁਟਿਆਰ ਨਾਲ ਹੋ ਗਈ, ਜੋ ਕਿ ਚੰਗੀ ਨਾਇਕਾ ਵੀ ਸੀ। ਸਾਹਨੀ ਨੇ ਸ਼ੁਰੂ-ਸ਼ੁਰੂ ਵਿੱਚ ਆਪਣੇ ਪਿਤਾ ਦੇ ਬਜਾਜੀ ਦੇ ਵਪਾਰ ਵਿੱਚ ਵੀ ਹੱਥ ਵਟਾਇਆ, ਪਰ ਇਹ ਕੰਮ ਉਹਨੂੰ ਬਹੁਤਾ ਪਸੰਦ ਨਾ ਆਇਆ ਅਤੇ ਘਰ-ਵਾਲਿਆਂ ਨੂੰ ਦੱਸੇ ਬਗ਼ੈਰ ਅਚਾਨਕ ਕਲਕੱਤੇ ਚਲਾ ਗਿਆ। ਇੱਥੇ ਰਹਿੰਦਿਆਂ ਹੀ ਹਿੰਦੀ ਦੇ ਪ੍ਰਸਿੱਧ ਆਲੋਚਕ ਡਾ. ਹਜ਼ਾਰੀਪ੍ਰਸਾਦ ਦਿਵੇਦੀ ਦੇ ਪ੍ਰਭਾਵ ਹੇਠ ਡਾ. ਟੈਗੋਰ ਦੇ ਸੰਪਰਕ ਵਿੱਚ ਆ ਗਿਆ ਅਤੇ ਸ਼ਾਂਤੀ-ਨਿਕੇਤਨ ਵਿੱਚ ਅਧਿਆਪਕ ਨਿਯੁਕਤ ਹੋ ਗਿਆ।

1938 ਈ. ਵਿੱਚ ਉਹ ਮਹਾਤਮਾ ਗਾਂਧੀ ਦੇ ਵਾਰਧਾ ਆਸ਼ਰਮ ਵਿੱਚ ਚਲਾ ਗਿਆ, ਜਿੱਥੇ ਉਸ ਨੇ ਤਾਲੀਮੀ ਸੰਘ ਦੇ ਪੱਤਰ 'ਤਾਲੀਮ' ਵਿੱਚ ਕੁਝ ਸਮਾਂ ਕੰਮ ਕੀਤਾ। ਦੂਜੇ ਸੰਸਾਰ-ਯੁੱਧ ਦੇ ਸਮੇਂ 1940 ਤੋਂ 1944 ਤੱਕ ਉਸ ਨੇ ਬੀ.ਬੀ.ਸੀ. ਲੰਡਨ ਵਿਖੇ ਹਿੰਦੀ ਦੇ ਅਨਾਊਂਸਰ ਵਜੋਂ ਕਾਰਜ ਕੀਤਾ। ਇਸ ਪਿੱਛੋਂ ਭਾਰਤ ਪਰਤ ਕੇ ਉਸ ਨੇ ਡਾਇਰੈਕਟਰ ਚੇਤਨਾ ਨੰਦ ਰਾਹੀਂ ਬੰਬਈ ਦੀ ਮਾਇਆ ਨਗਰੀ (ਫ਼ਿਲਮ ਸੰਸਾਰ) ਵਿੱਚ ਪ੍ਰਵੇਸ਼ ਕੀਤਾ। ਇਸ ਤਰ੍ਹਾਂ ਉਹ 1945 ਈ. ਤੋਂ ਪਿੱਛੋਂ ਫ਼ਿਲਮੀ-ਅਦਾਕਾਰ ਵਜੋਂ ਕੰਮ ਕਰਦਾ ਰਿਹਾ।

27 ਅਪ੍ਰੈਲ, 1947 ਨੂੰ ਬਲਰਾਜ ਦੀ ਪਤਨੀ ਦਮਿਅੰਤੀ ਦਾ ਦਿਹਾਂਤ ਹੋ ਗਿਆ। 19 ਵਰ੍ਹਿਆਂ ਦੀ ਭਰਪੂਰ ਜਵਾਨੀ ਵਿੱਚ ਹੀ ਦਮਿਅੰਤੀ ਇਕ ਬੱਚੀ ਸ਼ਬਨਮ ਨੂੰ ਜਨਮ ਦੇ ਕੇ ਸਦਾ ਦੀ ਨੀਂਦ ਸੌਂ ਗਈ। 1949 ਵਿੱਚ ਬਲਰਾਜ ਨੇ ਸੰਤੋਸ਼ ਨਾਂ ਦੀ ਲੜਕੀ ਨਾਲ ਦੂਜਾ ਵਿਆਹ ਕਰਵਾ ਲਿਆ, ਜਿਸ ਦੀ ਕੁੱਖੋਂ ਦੋ ਬੱਚੇ ਅਜੈ ਸਾਹਨੀ (ਪ੍ਰੀਕਸ਼ਿਤ ਸਾਹਨੀ) ਅਤੇ ਬੇਟੀ ਸਨੋਬਰ ਪੈਦਾ ਹੋਏ। ਪ੍ਰੀਕਸ਼ਿਤ ਸਾਹਨੀ ਆਪਣੇ ਪਿਤਾ ਦੇ ਨਕਸ਼ੇ-ਕਦਮ ਤੇ ਚਲਦਾ ਹੋਇਆ ਫ਼ਿਲਮ-ਅਭਿਨੇਤਾ ਵਜੋਂ ਕਾਰਜ ਕਰ ਰਿਹਾ ਹੈ।

ਬਲਰਾਜ ਸਾਹਨੀ ਇਪਟਾ (ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ) ਅਤੇ ਪ੍ਰਗਤੀਸ਼ੀਲ ਲੇਖਕ ਸੰਗਠਨ ਵਿੱਚ ਵਧ-ਚੜ੍ਹ ਕੇ ਹਿੱਸਾ ਲੈਂਦਾ ਰਿਹਾ। ਉਹ ਆਲ ਇੰਡੀਆ ਯੂਥ ਫੈਡਰੇਸ਼ਨ, ਭਾਰਤ-ਰੂਸ ਕਲਚਰਲ ਸੁਸਾਇਟੀ ਅਤੇ ਨੈਸ਼ਨਲ ਕਲਚਰਲ ਫਰੰਟ ਜਿਹੀਆਂ ਸੰਸਥਾਵਾਂ ਦਾ ਪ੍ਰਧਾਨ ਰਿਹਾ। ਲੰਡਨ ਵਿੱਚ ਰਹਿੰਦਿਆਂ ਹੀ ਉਹ ਮਾਰਕਸਵਾਦ ਦੇ ਪ੍ਰਭਾਵ ਹੇਠ ਆ ਗਿਆ ਸੀ, ਜਿਸ ਨੂੰ ਉਸ ਨੇ ਅੰਤਮ ਸਮੇਂ ਤੱਕ ਨਿਭਾਇਆ। ਸਦੀਵੀ ਅਤੇ ਸਥਾਈ ਤੌਰ ਤੇ ਕਿਰਤੀ-ਸ਼੍ਰੇਣੀ ਨਾਲ ਜੁੜਨ ਕਰਕੇ ਉਹ ਜੀਵਨ-ਭਰ ਸਮਾਜਵਾਦ ਦੀ ਸਥਾਪਨਾ ਲਈ ਸੰਘਰਸ਼ ਕਰਦਾ ਰਿਹਾ। ਉਹ ਧਰਮ ਦੇ ਨਾਂ ਤੇ ਮਾਸੂਮ ਲੋਕਾਂ ਦਾ ਸ਼ੋਸ਼ਣ ਕਰਨ ਅਤੇ ਉਨ੍ਹਾਂ ਨੂੰ ਆਪਸ ਵਿੱਚ ਲੜਾਉਣ ਵਾਲੀਆਂ ਫ਼ਿਰਕੂ ਸ਼ਕਤੀਆਂ ਦਾ ਹਮੇਸ਼ਾਂ ਵਿਰੋਧ ਕਰਦਾ ਰਿਹਾ। ਉਸ ਦੀ ਨਜ਼ਰ ਵਿੱਚ ਵਿਅਕਤੀ ਵੱਲੋਂ ਕੀਤੇ ਗਏ ਸ਼ੁਭ-ਅਮਲ ਹੀ ਅਸਲ ਵਿੱਚ ਸੱਚੀ ਪ੍ਰਭੂ-ਭਗਤੀ ਸਨ।

ਬਲਰਾਜ ਸਾਹਨੀ ਨੂੰ ਅੰਗ੍ਰੇਜ਼ੀ, ਉਰਦੂ, ਹਿੰਦੀ ਅਤੇ ਪੰਜਾਬੀ ਜ਼ਬਾਨਾਂ ਉੱਤੇ ਇਕੋ ਜਿਹਾ ਅਬੂਰ ਹਾਸਲ ਸੀ, ਪਰ ਉਸ ਨੇ ਜ਼ਿਆਦਾਤਰ ਪੰਜਾਬੀ ਵਿੱਚ ਲਿਖਣ ਨੂੰ ਹੀ ਤਰਜੀਹ ਦਿੱਤੀ। ਉਸ ਨੇ ਖ਼ੁਦ ਪੰਜਾਬੀ ਵਿੱਚ ਲਿਖ ਕੇ ਉਸ ਦਾ ਦੂਜੀਆਂ ਭਾਸ਼ਾਵਾਂ

ਵਿੱਚ ਅਨੁਵਾਦ ਵੀ ਕੀਤਾ । ਉਸ ਦਾ ਭਾਰਤੀ ਫ਼ਿਲਮ-ਜਗਤ ਵਿੱਚ ਇੱਕ ਵਿਸ਼ੇਸ਼ ਸਥਾਨ ਸੀ । ਉਸਦੀਆਂ ਜ਼ਿਕਰਯੋਗ ਅਤੇ ਯਾਦਗਾਰੀ ਫ਼ਿਲਮਾਂ ਵਿੱਚ 'ਦੋ ਬੀਘਾ ਜ਼ਮੀਨ', 'ਹਮਲੋਗ', 'ਭਾਬੀ', 'ਹਕੀਕਤ', 'ਪਰਦੇਸੀ', 'ਵਕਤ', 'ਏਕ ਫੂਲ ਦੋ ਮਾਲੀ', 'ਤਲਾਸ਼' ਅਤੇ 'ਸਤਲੁਜ ਦੇ ਕੰਢੇ' ਆਦਿ ਸ਼ਾਮਲ ਹਨ । ਪੰਜਾਬੀ ਨਾਵਲਕਾਰ ਸ. ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਉੱਤੇ ਇਸੇ ਨਾਂ ਹੇਠ ਬਣੀ ਹਿੰਦੀ ਫ਼ਿਲਮ ਵਿੱਚ ਵੀ ਉਸ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਸੀ । ਮੇਰੀ ਉਮਰ ਵਾਲੇ ਉਸ ਦੌਰ ਦੇ ਦਰਸ਼ਕਾਂ ਨੂੰ ਬਲਰਾਜ ਸਾਹਨੀ ਉੱਤੇ ਫ਼ਿਲਮਾਇਆ ਗਿਆ ਇਹ ਗੀਤ ਅਜੇ ਤੱਕ ਵੀ ਜ਼ਰੂਰ ਲਰਜ਼ਾਉਂਦਾ ਹੋਵੇਗਾ : "ਐ ਮੇਰੀ ਜ਼ੋਹਰਾ ਜ਼ਬੀਂ, ਤੁਝੇ ਮਾਲੂਮ ਨਹੀਂ, ਤੂ ਅਭੀ ਤਕ ਹੈ ਹਸੀਂ, ਔਰ ਮੈਂ ਜਵਾਂ, ਤੁਝ ਪੇ ਕੁਰਬਾਨ ਮੇਰੀ ਜਾਨ, ਮੇਰੀ ਜਾਨ..."

ਬਲਰਾਜ ਸਾਹਨੀ ਨੂੰ ਆਪਣੀ ਜਨਮਭੂਮੀ ਰਾਵਲਪਿੰਡੀ ਦੀ ਹਮੇਸ਼ਾਂ ਯਾਦ ਆਉਂਦੀ ਰਹੀ । ਵੰਡ ਪਿੱਛੋਂ ਭਾਰਤ ਵਿੱਚ ਆਉਣ ਤੋਂ ਬਾਅਦ ਵੀ ਉਹ ਰਾਵਲਪਿੰਡੀ ਦੀ ਮਿੱਠੀ ਤੇ ਪਿਆਰੀ ਪੰਜਾਬੀ ਭਾਸ਼ਾ ਨੂੰ ਭੁਲਾ ਨਹੀਂ ਸਕਿਆ । 'ਕਾਮੇ' ਪੁਸਤਕ ਦੇ ਇਕ ਲੇਖ 'ਅੱਥਰੂ' ਵਿੱਚ ਉਹ ਇਨ੍ਹਾਂ ਵਿਚਾਰਾਂ ਨੂੰ ਸਪੱਸ਼ਟ ਕਰਦਾ ਹੋਇਆ ਲਿਖਦਾ ਹੈ : "ਉਹੋ ਪਿਆਰੀ ਮਿੱਠੀ ਬੋਲੀ ਪਿੰਡੀ ਦੀ । ਖੁੱਲ੍ਹੀ-ਡੁੱਲ੍ਹੀ । ਪਿੰਡੀ ਦਾ ਆਦਮੀ ਇੰਜ ਬੋਲਦਾ ਹੈ ਜਿਵੇਂ ਪੰਜਾਬੀ ਜ਼ਬਾਨ ਦਾ ਇਕ-ਇਕ ਲਫ਼ਜ਼ ਉਹਨੇ ਧੋ-ਧਾ ਕੇ, ਤਹਿ ਕਰਕੇ ਆਪਣੇ ਹਿਰਦੇ ਵਿੱਚ ਬਿਠਾ ਰੱਖਿਆ ਹੋਵੇ । ਉਸ ਨੂੰ ਉਹ ਬੜੇ ਸੁਥਰੇ ਤੇ ਮਿੱਠੇ ਢੰਗ ਨਾਲ ਮੂੰਹੋਂ ਕੱਢਦਾ ਹੈ ਤੇ ਸੁਣਨ ਵਾਲੇ ਨੂੰ ਇਸ ਮਿੱਠੀ ਬੋਲਚਾਲ ਦੇ ਪਿੱਛੇ ਇਕ ਸ਼ੀਸ਼ੇ ਵਾਂਗ ਚਮਕਦੀ ਹੋਈ ਸ਼ਖ਼ਸੀਅਤ ਦਿਖਾਈ ਦੇਣ ਲੱਗ ਪੈਂਦੀ ਹੈ ।"

ਬਲਰਾਜ ਸਾਹਨੀ ਇੱਕ ਮਹਾਨ ਅਦਾਕਾਰ ਸੀ ਅਤੇ ਉਸ ਨੇ ਰੰਗਮੰਚ ਉੱਤੇ ਵੀ ਕਈ ਨਾਟਕਾਂ ਵਿੱਚ ਅਦਾਕਾਰੀ ਦੀ ਅਮਿਟ ਛਾਪ ਛੱਡੀ ਹੈ । ਉਹ ਸਰੀਰਕ ਤੌਰ ਤੇ ਜਿੰਨਾ ਸੁੰਦਰ ਸੀ, ਉਸ ਤੋਂ ਕਿਤੇ ਵੱਧ ਉਹ ਦਿਲੋਂ ਸਾਫ਼ ਤੇ ਸੁੱਚਾ ਇਨਸਾਨ ਸੀ । ਇਸ ਸੁਹਿਰਦ, ਨਿਸ਼ਕਪਟ, ਵਿਸ਼ਾਲ ਹਿਰਦੇ ਵਾਲੇ, ਅਣਖੀ, ਦ੍ਰਿੜ ਵਿਸ਼ਵਾਸੀ, ਮਿੱਠਬੋਲੜੇ ਅਤੇ ਸੱਚ ਦੇ ਮਾਰਗ ਉੱਤੇ ਤੁਰਨ ਵਾਲੇ ਮਾਨਵ ਹਿਤੈਸ਼ੀ ਪੰਜਾਬੀ ਨੇ ਪੰਜਾਬੀ ਸਾਹਿਤ ਨੂੰ ਹੇਠ ਲਿਖੀਆਂ ਰਚਨਾਵਾਂ ਨਾਲ ਭਰਪੂਰ ਕੀਤਾ : ਮੇਰਾ ਪਾਕਿਸਤਾਨੀ ਸਫ਼ਰਨਾਮਾ, ਮੇਰਾ ਰੂਸੀ ਸਫ਼ਰਨਾਮਾ, ਗ਼ੈਰ-ਜਜ਼ਬਾਤੀ ਡਾਇਰੀ, ਮੇਰੀ ਫ਼ਿਲਮੀ ਆਤਮਕਥਾ, ਇਨਕਲਾਬ ਦਾ ਚਿਹਰਾ (ਕਾਵਿ ਸੰਗ੍ਰਹਿ), ਯਾਦਾਂ ਦਾ ਝਰੋਖਾ, ਇਤਿਹਾਸ ਦੀ ਪੈੜ, ਸਿਨੇਮਾ ਤੇ ਸਟੇਜ, ਪੂਰਬ ਦੇ ਨਾਈ, ਕਾਮੇ (ਸਾਰੇ ਲੇਖ-ਸੰਗ੍ਰਹਿ), ਵੇਟਰ ਦੀ ਵਾਰ (ਕਾਵਿ ਸੰਗ੍ਰਹਿ), ਕੀ ਇਹ ਸੱਚ ਹੈ ਬਾਪੂ, ਅਰਸ਼ ਫਰਸ਼ (ਦੋਵੇਂ ਨਾਟਕ), ਬਸੰਤ ਕੀ ਕਰੇਗਾ (ਕਹਾਣੀ ਸੰਗ੍ਰਹਿ), ਗਪੌੜ ਸੰਖ (ਬਾਲ ਕਹਾਣੀਆਂ), ਕਲਮ ਤੇ ਕਿਤਾਬ (ਆਲੋਚਨਾ), ਇੱਕ ਸਫ਼ਰ-ਇੱਕ ਦਾਸਤਾਨ (ਨਾਵਲ) ।

ਵਿਭਿੰਨ ਸਾਹਿਤ-ਰੂਪਾਂ ਵਿੱਚ ਸਿਰਜਣਾ ਕਰਨ ਵਾਲੇ ਇਸ ਲੇਖਕ ਨੇ ਧਨੀਰਾਮ ਚਾਤ੍ਰਿਕ ਦੀਆਂ ਕਵਿਤਾਵਾਂ ਦਾ ਅੰਗ੍ਰੇਜ਼ੀ ਵਿੱਚ ਅਨੁਵਾਦ ਵੀ ਕੀਤਾ । ਇੱਕ ਸਫ਼ਰਨਾਮਾ ਲੇਖਕ ਵਜੋਂ ਵੀ ਉਸ ਦਾ ਕਾਫ਼ੀ ਨਾਂ ਹੈ । ਪਾਕਿਸਤਾਨੀ ਸਫ਼ਰਨਾਮੇ ਵਿੱਚ ਉਸ ਨੇ ਦੇਸ਼-ਵੰਡ ਪਿੱਛੋਂ ਬਦਲ ਰਹੇ ਪੱਛਮੀ ਪੰਜਾਬ (ਪਾਕਿਸਤਾਨ) ਦਾ ਜਜ਼ਬਾਤੀ ਵੇਰਵਾ ਪੇਸ਼ ਕੀਤਾ ਹੈ ਅਤੇ ਰੂਸੀ ਸਫ਼ਰਨਾਮਾ ਇੱਕ ਚੇਤੰਨ ਲੇਖਕ ਦੀ ਚਿੰਤਨ-ਭਰਪੂਰ ਰਚਨਾ ਕਹੀ ਜਾ ਸਕਦੀ ਹੈ । 'ਗ਼ੈਰ-ਜਜ਼ਬਾਤੀ ਡਾਇਰੀ' ਵਿੱਚ ਭਿੰਨ-ਭਿੰਨ ਅਨੁਭਵਾਂ ਨੂੰ ਬੜੀ ਦਿਲਚਸਪੀ ਨਾਲ ਪੇਸ਼ ਕੀਤਾ ਹੈ । ਗਿਣਾਤਮਕ ਅਤੇ ਗੁਣਾਤਮਕ ਦੋਹਾਂ ਹੀ ਪੱਖਾਂ ਤੋਂ ਬਲਰਾਜ ਸਾਹਨੀ ਦਾ ਪੰਜਾਬੀ ਸਾਹਿਤ ਵਿੱਚ ਇੱਕ ਨਿਵੇਕਲਾ ਅਤੇ ਵਿਸ਼ੇਸ਼ ਸਥਾਨ ਹੈ ।

ਹਿੰਦੂ-ਪਰਿਵਾਰ ਵਿੱਚ ਜਨਮ ਲੈਣ ਦੇ ਬਾਵਜੂਦ ਬਲਰਾਜ ਸਾਹਨੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਸ਼ੈਦਾਈ ਸੀ । ਗੁਰੂ ਅਰਜਨ ਦੇਵ ਅਤੇ ਗੁਰੂ ਗੋਬਿੰਦ ਸਿੰਘ ਬਾਰੇ ਭਾਵੁਕ ਅੰਦਾਜ਼ ਵਿੱਚ ਉਹਨੇ ਇੱਕ ਥਾਂ ਲਿਖਿਆ ਹੈ : "ਤੁਸੀਂ ਕੀ ਸਮਝਦੇ ਹੋ, ਇਹ ਗੁਰੂ ਸਾਹਿਬਾਨ ਕੋਈ ਇਕੱਲੇ ਸਿੱਖਾਂ ਦੇ ਹੀ ਸਨ ? ਇਹ ਸਾਡੇ ਵੀ ਸਨ । ਇਨ੍ਹਾ ਦਾ ਪੈਗ਼ਾਮ ਤਾਂ ਸਾਰੇ ਪੰਜਾਬੀਆਂ ਅਤੇ ਸਾਰੀ ਮਾਨਵ ਜਾਤੀ ਲਈ ਹੈ ।"


ਬੰਬਈ ਵਿੱਚ ਕੁਝ ਪੰਜਾਬੀ ਸਾਹਿਤਕਾਰਾਂ ਵੱਲੋਂ ਰਲ ਕੇ ਬਣਾਈ 'ਪੰਜਾਬੀ ਸਾਹਿਤ ਕੇਂਦਰ' ਨਾਂ ਦੀ ਸੰਸਥਾ ਵਿੱਚ ਰਾਜਿੰਦਰ ਸਿੰਘ ਬੇਦੀ, ਸੁਖਬੀਰ, ਪ੍ਰੀਤਮ ਬੇਲੀ, ਹਰਨਾਮ ਸਿੰਘ ਨਾਜ਼ ਅਤੇ ਪ੍ਰੋ. ਗੁਰਮੁਖ ਸਿੰਘ ਸਹਿਗਲ ਜਿਹੇ ਸਿਰਕੱਢ ਲੇਖਕਾਂ ਦੇ ਨਾਲ-ਨਾਲ ਬਲਰਾਜ ਸਾਹਨੀ ਵੀ ਸ਼ਾਮਲ ਹੋਇਆ ਕਰਦਾ ਸੀ । ਬੰਬਈ ਵਿੱਚ ਉਹਦੇ ਆਪਣੇ ਬੰਗਲੇ ਦਾ ਨਾਂ 'ਇਕਰਾਮ' ਸੀ । ਕਦੇ-ਕਦੇ ਉਹਨੂੰ ਪੰਜਾਬੀਆਂ ਦੀ ਆਪਸੀ ਖਿੱਚੋਤਾਣ ਉੱਤੇ ਨਿਰਾਸ਼ਾ ਵੀ ਹੁੰਦੀ ਸੀ । ਅਜਿਹੀ ਭਾਵਨਾ ਦਾ ਇਜ਼ਹਾਰ ਕਰਦਾ ਹੋਇਆ 'ਅੱਥਰੂ' ਲੇਖ ਵਿੱਚ ਉਹ ਲਿਖਦਾ ਹੈ : "ਬੰਬਈ ਵਿੱਚ ਪੰਜਾਬੀਆਂ ਦੀ ਕੋਈ ਸਾਂਝੀ ਸੰਸਥਾ ਹੋਣੀ ਚਾਹੀਦੀ ਹੈ, ਜੋ ਮਜ਼ਹਬੀ ਤਫ਼ਰਕੇ ਤੋਂ ਆਜ਼ਾਦ ਹੋ ਕੇ ਮੁਸੀਬਤ-ਜ਼ਦਾ ਪੰਜਾਬੀਆਂ ਦੀ ਮਦਦ ਕਰੇ ।...ਬੰਬਈ ਦੇ ਪੰਜਾਬੀਆਂ ਨੇ ਕੋਈ ਐਸੀ ਅੰਜੁਮਨ ਨਹੀਂ ਬਣਾਈ । ਉਹ ਆਰੀਆ ਸਮਾਜ ਬਣਾਉਂਦੇ ਹਨ, ਸਨਾਤਨ ਧਰਮ ਸਭਾ ਦਾ ਮੰਦਰ ਜਾਂ ਗੁਰਦੁਆਰਾ ਬਣਾਉਂਦੇ ਹਨ ਤੇ ਫੇਰ ਆਪਸ ਵਿੱਚ ਲੜਨਾ ਸ਼ੁਰੂ ਕਰ ਦਿੰਦੇ ਹਨ...।"

ਪੰਜਾਬੀ ਸਾਹਿਤ ਵਿੱਚ ਪਾਏ ਯੋਗਦਾਨ ਬਦਲੇ ਬਲਰਾਜ ਸਾਹਨੀ ਨੂੰ 1971 ਈ. ਵਿੱਚ ਭਾਸ਼ਾ ਵਿਭਾਗ ਵੱਲੋਂ 'ਸ਼੍ਰੋਮਣੀ ਸਾਹਿਤਕਾਰ' ਵਜੋਂ ਸਨਮਾਨਿਤ ਕੀਤਾ ਗਿਆ; ਸਾਹਿਤਕ ਅਤੇ ਕਲਾਤਮਕ ਪ੍ਰਾਪਤੀਆਂ ਸਦਕਾ ਹੀ ਉਸ ਨੂੰ 'ਸੋਵੀਅਤ ਲੈਂਡ ਨਹਿਰੂ ਪੁਰਸਕਾਰ' ਪ੍ਰਦਾਨ ਕੀਤਾ ਗਿਆ; ਉਸ ਦੀ ਸਮਾਜਵਾਦੀ ਸੋਚ, ਦੇਸ਼-ਪਿਆਰ, ਸਾਹਿਤਕ ਤੇ ਫ਼ਿਲਮ-ਜਗਤ ਵਿੱਚ ਦਿੱਤੇ ਯੋਗਦਾਨ ਬਦਲੇ ਭਾਰਤ ਸਰਕਾਰ ਵੱਲੋਂ ਰਾਜਸਭਾ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਅਤੇ 1969 ਈ. ਵਿੱਚ 'ਪਦਮਸ੍ਰੀ' ਦੀ ਉਪਾਧੀ ਦੇ ਕੇ ਵਿਭੂਸ਼ਿਤ ਕੀਤਾ ਗਿਆ।

ਮਾਰਕਸਵਾਦੀ ਵਿਚਾਰਧਾਰਾ ਦੇ ਸਮਰਥਕ; ਮਜ਼ਦੂਰਾਂ, ਕਿਸਾਨਾਂ ਅਤੇ ਗ਼ਰੀਬਾਂ ਲਈ ਦਿਲੀ ਹਮਦਰਦੀ ਅਤੇ ਪਿਆਰ ਰੱਖਣ ਵਾਲੇ; ਕਿਰਤੀਆਂ ਦੀਆਂ ਸਮੱਸਿਆਵਾਂ ਲਈ ਸੰਘਰਸ਼ ਕਰਨ ਵਾਲੇ ਇਸ ਪੰਜਾਬੀ ਸਾਹਿਤਕਾਰ ਦਾ ਜਨਮ ਵੀ ਉਸ ਦਿਨ ਹੋਇਆ, ਜਿਸ ਨੂੰ ਪੂਰੇ ਸੰਸਾਰ ਵਿੱਚ 'ਮਜ਼ਦੂਰ ਦਿਵਸ' ਵਜੋਂ ਮਨਾਇਆ ਜਾਂਦਾ ਹੈ।

ਬਲਰਾਜ ਸਾਹਨੀ ਦੇ ਜੀਵਨ ਵਿੱਚ ਸਭ ਤੋਂ ਵੱਡਾ ਦੁਖਾਂਤ ਉਸ ਦੀ ਜਵਾਨ ਬੇਟੀ ਸ਼ਬਨਮ ਦੀ ਮੌਤ ਸੀ, ਜਿਸ ਨੇ ਸਹੁਰੇ ਪਰਿਵਾਰ ਤੋਂ ਦੁਖੀ ਹੋ ਕੇ 5 ਮਾਰਚ, 1972 ਨੂੰ ਆਤਮ-ਹੱਤਿਆ ਕਰ ਲਈ ਸੀ। ਇਹ ਸਦਮਾ ਬਲਰਾਜ ਜਿਹੇ ਭਾਵੁਕ ਅਤੇ ਸੰਜੀਦਾ ਇਨਸਾਨ ਲਈ ਬੇਹੱਦ ਅਕਹਿ ਅਤੇ ਅਸਹਿ ਸੀ। ਜੋ ਬਾਅਦ ਵਿੱਚ ਉਸ ਲਈ ਜਾਨਲੇਵਾ ਸਿੱਧ ਹੋਇਆ। ਬੇਟੀ ਦੀ ਮੌਤ ਦੇ ਸਦਮੇ ਨੇ ਇਸ ਸੰਵੇਦਨਸ਼ੀਲ ਇਨਸਾਨ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਇੱਕ ਸਾਲ ਪਿੱਛੋਂ 13 ਅਪ੍ਰੈਲ, 1973 ਨੂੰ ਵਿਸਾਖੀ ਵਾਲੇ ਦਿਨ ਇਸ ਫ਼ਾਨੀ ਸੰਸਾਰ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਗਿਆ। ਮੌਤ ਪਿੱਛੋਂ ਉਸ ਦੀ ਇੱਛਾ ਮੁਤਾਬਕ ਉਸ ਦੀ ਲਾਸ਼ ਨੂੰ ਤਿਰੰਗੇ ਵਿੱਚ ਲਪੇਟਿਆ ਗਿਆ ਅਤੇ ਉਸ ਦੇ ਸਿਰ੍ਹਾਣੇ ਮਾਰਕਸ ਅਤੇ ਲੈਨਿਨ ਦੀਆਂ ਪੁਸਤਕਾਂ ਰੱਖੀਆਂ ਗਈਆਂ। ਉਸ ਦੀ ਵਸੀਅਤ ਅਨੁਸਾਰ ਉਸ ਦੀ ਮੌਤ ਪਿੱਛੋਂ ਕਿਸੇ ਪ੍ਰਕਾਰ ਦਾ ਕੋਈ ਧਾਰਮਕ ਸਮਾਗਮ ਨਹੀਂ ਕੀਤਾ ਗਿਆ। ਪੰਜਾਬੀਅਤ ਦੀ ਭਾਵਨਾ ਨਾਲ ਨੱਕੋ-ਨੱਕ ਭਰੇ ਇਸ ਸਾਹਿਤਕਾਰ ਨੂੰ ਪੰਜਾਬੀ ਪਾਠਕ ਅਤੇ ਦਰਸ਼ਕ ਹਮੇਸ਼ਾਂ ਯਾਦ ਰੱਖਣਗੇ।

*ਮੁਖੀ ਪੰਜਾਬੀ ਵਿਭਾਗ, ਗੁਰੂ ਕਾਸ਼ੀ ਕਾਲਜ,*
*ਤਲਵੰਡੀ ਸਾਬੋ, (ਬਠਿੰਡਾ)-151302*
(ਪੰਜਾਬ)





# ਤਿੰਨ ਗ਼ਜ਼ਲਾਂ

*ਸੁਰਜੀਤ ਸਿੰਘ 'ਸਾਜਨ'*

## i

ਭਾਵੇਂ ਕੋਈ ਸੁਣਨ ਨੂੰ ਤਿਆਰ ਨਹੀਂ ਆਵਾਜ਼ ਸੱਚ ਦੀ ।
ਫਿਰ ਵੀ ਦੁਨੀਆ 'ਚ ਨਿਰੰਤਰ ਜਾਰੀ ਹੈ ਪਰਵਾਜ਼ ਸੱਚ ਦੀ ।

ਝੂਠ ਦਾ ਇਕ ਦਿਨ ਮੂੰਹ ਕਾਲਾ ਹੁੰਦਾ ਹੈ ਜ਼ਮਾਨੇ ਵਿੱਚ,
ਜਾਨ ਦੇ ਕੇ ਰੱਖਦੇ ਨੇ ਲਾਜ ਜਾਂਬਾਜ਼ ਸੱਚ ਦੀ ।

ਉਹ ਅੰਨ੍ਹੇ ਤੇ ਬੋਲੇ ਜੋ ਸੁਣਦੇ ਨਹੀਂ ਦਸਤਕ ਸੱਚ ਦੀ,
ਕਰਦਾ ਆਇਐ ਵਕਤ ਨੇ ਹਮੇਸ਼ਾਂ ਕੀਤੀ ਹੈ ਲਿਹਾਜ਼ ਸੱਚ ਦੀ ।

ਝੂਠੀ ਸ਼ਰਧਾ ਨਾਲ ਉਸ ਦੇ ਸਿਜਦੇ 'ਚ ਝੁਕਣ ਦਾ ਕੀ ਫ਼ਾਇਦਾ,
ਔਖੇ ਵੇਲੇ ਕੰਮ ਆਉਣੀ ਹੈ ਪੜ੍ਹੀ ਹੋਈ ਨਮਾਜ਼ ਸੱਚ ਦੀ ।

ਸੱਚ ਦੀ ਕੁਠਾਲ 'ਚ ਢਾਲ ਜਿਸ ਨੂੰ ਸੱਚ ਨੇ ਗ਼ਰਦਾਨਿਆਂ ਹੈ,
ਉਹੋ ਸੱਚ ਦਾ, ਸ਼ੈਦਾਈ ਹੁੰਦਾ ਹੈ ਹਮੇਸ਼ਾਂ ਕਰਦਾ ਹੈ ਰਿਆਜ਼ ਸੱਚ ਦੀ ।

## ii

ਬੜੇ ਰੋਕੇ, ਪਰ ਰੁਕੇ ਨਹੀਂ ਵਹਿ ਗਏ ਨੇ ਬੇਕਰਾਰ ਹੰਝੂ ।
ਹਰ ਰੋਜ਼ ਬਹਿ ਜਾਂਦੇ ਨੇ ਇਵੇਂ ਹੀ ਬੇਸ਼ੁਮਾਰ ਹੰਝੂ ।

ਕੋਈ ਸਮਝੇ ਜਾਂ ਨਾ ਸਮਝੇ ਇਹ ਉਨ੍ਹਾਂ ਦੀ ਮਰਜ਼ੀ ਹੈ,
ਮੇਰੀ ਦਰਦ ਕਹਾਣੀ ਦਾ ਕਰ ਜਾਂਦੇ ਨੇ ਇਜ਼ਹਾਰ ਹੰਝੂ ।

ਕਿਸੇ ਨੇ ਵੀ ਮਿਲਣਾ ਨਹੀਂ ਹੈ ਪਰ ਇਹ ਸੱਚ ਹੈ,
ਪ੍ਰੀਤਮ ਨਾਲ ਵਿਛੋੜੇ ਦੇ ਵਕਤ ਬਣ ਜਾਂਦੇ ਨੇ ਦਿਲਦਾਰ ਹੰਝੂ ।

ਇਹ ਦੁਨੀਆ ਬੇਦਰਦੀ ਨਾਲ ਨਮਕ ਛਿੜਕਦੀ ਹੈ,
ਮੇਰੇ ਜ਼ਖ਼ਮਾਂ ਨੂੰ ਸਹਿਲਾਉਂਦੇ ਨੇ ਤੇ ਕਰਦੇ ਨੇ ਪਿਆਰ ਹੰਝੂ ।

ਡਰਦਾ ਹਾਂ ਜੇ ਇਵੇਂ ਹੀ ਵਹਿੰਦੇ ਰਹੇ ਮੁੱਕ ਜਾਵਣਗੇ ਅੱਥਰੂ,
ਫਿਰ ਕਿਸੇ ਕੋਲੋਂ ਵੀ ਨਹੀਂ ਮਿਲਣੇ ਮੰਗਣ ਤੇ ਉਧਾਰ ਹੰਝੂ ।

ਹੰਝੂ ਨਾ ਹੁੰਦੇ ਤਾਂ ਗ਼ਮਾਂ ਨੇ ਖਾ ਜਾਣਾ ਸੀ ਮਨੁੱਖ ਨੂੰ,
ਸਦਕੇ 'ਸਾਜਨ' ਇਨ੍ਹਾਂ ਦੇ ਭੁਲਾ ਦਿੰਦੇ ਨੇ ਗ਼ਮ ਬਣ ਕੇ ਗ਼ਮਖ਼ਾਰ ਹੰਝੂ ।

**(ਤੀਜੀ ਗ਼ਜ਼ਲ ਪੰਨਾ 14 ਤੇ)**

**ਅੰਗ੍ਰੇਜ਼ੀ ਕਹਾਣੀ**

# ਅਰੁਣ ਦੇ ਪੈਸੇ

**ਰਸਕਿਨ ਬਾਂਡ**

**ਅਨੁਵਾਦ : ਨਿਰਮਲ ਪ੍ਰੇਮੀ**

ਮੈਂ ਇਕ ਚੋਰ ਹੀ ਤਾਂ ਸੀ, ਜਦ ਮੈਂ ਪਹਿਲੀ ਵਾਰ ਅਰੁਣ ਨੂੰ ਮਿਲਿਆ। ਹਾਲਾਂਕਿ ਮੇਰੀ ਉਮਰ ਸਿਰਫ਼ ਪੰਦਰਾਂ ਸਾਲ ਸੀ, ਫਿਰ ਵੀ ਮੈਂ ਹੱਥ ਦੀ ਸਫ਼ਾਈ ਵਿੱਚ ਕਾਫ਼ੀ ਅਨੁਭਵੀ ਅਤੇ ਕਾਮਯਾਬ ਹੋ ਚੁੱਕਿਆ ਸੀ। ਜਦ ਮੈਂ ਅਰੁਣ ਦੇ ਕੋਲ ਪਹੁੰਚਿਆ ਤਾਂ ਉਹ ਕੁਸ਼ਤੀ ਦੇਖ ਰਿਹਾ ਸੀ। ਉਹ ਲਗਪਗ ਵੀਹ ਸਾਲ ਦਾ ਸੀ...ਲੰਮਾ, ਪਤਲਾ ਅਤੇ ਦੇਖਣ ਵਿੱਚ ਸਿੱਧਾ-ਸਾਦਾ, ਮੇਰੇ ਕੰਮ ਦੇ ਲਈ ਬਿਲਕੁਲ ਸਟੀਕ ਇਨਸਾਨ। ਹਾਲ ਦੇ ਦਿਨਾਂ ਵਿੱਚ ਮੇਰੀ ਕਿਸਮਤ ਮੇਰਾ ਸਾਥ ਨਹੀਂ ਦੇ ਰਹੀ ਸੀ।

ਮੈਂ ਸੋਚਿਆ, ਸ਼ਾਇਦ ਮੈਂ ਇਸ ਆਦਮੀ ਦਾ ਭਰੋਸਾ ਜਿੱਤ ਪਾਵਾਂ। ਉਸ ਨੂੰ ਕੁਸ਼ਤੀ ਦੇਖਣ ਵਿੱਚ ਕਾਫ਼ੀ ਮਜ਼ਾ ਆ ਰਿਹਾ ਸੀ। ਦੋ ਆਦਮੀ ਆਪਣੇ ਸਰੀਰ 'ਤੇ ਤੇਲ ਮਲੀ, ਪੱਟ ਥਾਪੜਦੇ ਹੋਏ ਗਿੱਲੀ ਮਿੱਟੀ ਵਿੱਚ ਇਕ-ਦੂਜੇ ਨਾਲ ਗੁੱਥਮ-ਗੁੱਥਾ ਹੋ ਰਹੇ ਸਨ। ਅਰੁਣ ਨਾਲ ਗੱਲਬਾਤ ਸ਼ੁਰੂ ਕਰਦੇ ਸਮੇਂ ਮੈਨੂੰ ਇਹੋ ਜਿਹਾ ਨਹੀਂ ਲੱਗਾ, ਜਿਵੇਂ ਉਹ ਮੈਨੂੰ ਅਜਨਬੀ ਸਮਝ ਰਿਹਾ ਹੋਵੇ।

"ਤੁਸੀਂ ਤਾਂ ਖ਼ੁਦ ਵੀ ਪਹਿਲਵਾਨ ਦਿੱਸਦੇ ਹੋ।" ਮੈਂ ਕਿਹਾ।

"ਤੁਸੀਂ ਵੀ। ਅਰੁਣ ਦੇ ਜਵਾਬ ਨੇ ਮੈਨੂੰ ਇੱਕ ਪਲ ਦੇ ਲਈ ਹਿਲਾ ਦਿੱਤਾ, ਕਿਉਂਕਿ ਉਨ੍ਹੀਂ ਦਿਨੀਂ ਮੈਂ ਬਹੁਤ ਮਾੜਕੂ ਹੋਇਆ ਕਰਦਾ ਸੀ ਅਤੇ ਮੇਰਾ ਸਰੀਰ ਕੁਝ ਜ਼ਿਆਦਾ ਖਿੱਚ ਭਰਪੂਰ ਨਹੀਂ ਸੀ।

"ਹਾਂ", ਮੈਂ ਕਿਹਾ, "ਮੈਂ ਕਦੀ-ਕਦੀ ਕੁਸ਼ਤੀ ਲੜਦਾ ਹਾਂ।"

"ਤੁਹਾਡਾ ਨਾਂ ਕੀ ਹੈ ?"

"ਦੀਪਕ" ਮੈਂ ਝੂਠ ਬੋਲਿਆ।

"ਦੀਪਕ !" ਸ਼ਾਇਦ ਇਹ ਮੇਰਾ ਪੰਜਵਾਂ ਨਾਂ ਸੀ। ਇਸ ਤੋਂ ਪਹਿਲਾਂ ਮੈਂ ਰਣਬੀਰ, ਸੁਧੀਰ, ਤਿਲੋਕ ਅਤੇ ਸੁਰਿੰਦਰ ਰਹਿ ਚੁੱਕਿਆ ਸੀ।

ਐਨੀ-ਜਿਹੀ ਜਾਣ-ਪਛਾਣ ਦੇ ਬਾਅਦ ਅਰੁਣ ਸਿਰਫ਼ ਖੇਡ ਦੇ ਬਾਰੇ ਵਿੱਚ ਹੀ ਗੱਲ ਕਰ ਰਿਹਾ ਸੀ ਅਤੇ ਮੇਰੇ ਕੋਲ ਕਹਿਣ ਦੇ ਲਈ ਕੁਝ ਨਹੀਂ ਸੀ। ਥੋੜ੍ਹੀ ਦੇਰ ਬਾਅਦ ਉਹ ਭੀੜ ਤੋਂ ਦੂਰ ਚਲਾ ਗਿਆ। ਮੈਂ ਉਸ ਦੇ ਪਿੱਛੇ ਚੱਲ ਪਿਆ।

"ਹੈਲੋ" ਉਸ ਨੇ ਕਿਹਾ, "ਮਜ਼ੇ ਕਰ ਰਹੇ ਹੋ ?"

"ਮੈਂ ਉਸ ਨੂੰ ਆਪਣੀ ਸਭ ਤੋਂ ਪ੍ਰਭਾਵਿਤ ਮੁਸਕਾਨ ਦਿੱਤੀ।

"ਮੈਂ ਤੁਹਾਡੇ ਲਈ ਕੰਮ ਕਰਨਾ ਚਾਹੁੰਦਾ ਹਾਂ।" ਮੈਂ ਕਿਹਾ।

"ਉਹ ਤੁਰਦਾ ਰਿਹਾ, "ਅਤੇ ਤੈਨੂੰ ਕੀ ਲੱਗਦਾ ਹੈ, ਮੈਨੂੰ ਇਸ ਕੰਮ ਦੇ ਲਈ ਕਿਸੇ ਦੀ ਜ਼ਰੂਰਤ ਹੈ ?"

"ਦਰਅਸਲ, ਮੈਂ ਪੂਰੇ ਦਿਨ ਤੋਂ ਭਟਕ ਰਿਹਾ ਹਾਂ, ਇਹੋ ਜਿਹੇ ਕਿਸੇ ਆਦਮੀ ਨੂੰ ਲੱਭਦੇ ਹੋਏ, ਜਿਹਦੇ ਲਈ ਮੈਂ ਕੰਮ ਕਰ ਸਕਾਂ। ਤੁਹਾਨੂੰ ਦੇਖਦਿਆਂ ਹੀ ਮੈਂ ਸਮਝ ਗਿਆ ਕਿ ਤੁਹਾਡੇ ਅੱਗੇ ਹੋਰ ਕਿਸੇ ਨੂੰ ਤਾਂ ਮੌਕਾ ਹੀ ਨਹੀਂ ਮਿਲ ਸਕਦਾ।"

"ਤੂੰ ਮੇਰੀ ਚਾਪਲੂਸੀ ਕਰ ਰਿਹਾ ਏਂ।" ਉਸ ਨੇ ਕਿਹਾ।

"ਚਲਦਾ ਹੈ।"

"ਪਰ ਮੈਂ ਤੈਨੂੰ ਕੰਮ ਨਹੀਂ ਦੇ ਸਕਦਾ।"

"ਕਿਉਂ ?"

"ਕਿਉਂਕਿ ਮੇਰੇ ਕੋਲ ਤੈਨੂੰ ਦੇਣ ਲਈ ਪੈਸੇ ਨਹੀਂ।"

ਇਸ ਗੱਲ 'ਤੇ ਮੈਂ ਇਕ ਮਿੰਟ ਵਿਚਾਰ ਕੀਤਾ। ਸ਼ਾਇਦ ਮੈਂ ਗ਼ਲਤ ਆਦਮੀ ਨੂੰ ਚੁਣ ਲਿਆ ਸੀ।

"ਕੀ ਤੁਸੀਂ ਮੈਨੂੰ ਖਾਣਾ ਦੇ ਸਕਦੇ ਹੋ ?" ਮੈਂ ਅਰੁਣ ਨੂੰ ਪੁੱਛਿਆ।

ਉਸ ਨੇ ਮੈਨੂੰ ਮੁੜਵਾਂ ਸਵਾਲ ਕੀਤਾ, "ਕੀ ਤੂੰ ਖਾਣਾ ਬਣਾ ਸਕਦਾ ਹੈਂ ?"

"ਹਾਂ", ਮੈਂ ਝੂਠ-ਮੂਠ ਕਹਿ ਦਿੱਤਾ।

"ਜੇਕਰ ਤੂੰ ਖਾਣਾ ਬਣਾ ਸਕਦਾ ਏਂ ਤਾਂ ਮੈਂ ਤੈਨੂੰ ਖਾਣਾ ਖੁਆ ਸਕਦਾ ਹਾਂ।"

ਉਹ ਮੈਨੂੰ ਆਪਣੇ ਕਮਰੇ ਵਿੱਚ ਲੈ ਗਿਆ ਅਤੇ ਬੋਲਿਆ ਕਿ ਮੈਂ ਬਰਾਂਡੇ ਵਿੱਚ ਸੌਂ ਸਕਦਾ ਹਾਂ, ਪਰ ਉਸ ਰਾਤ ਮੇਰੀ ਵਾਪਸ ਸੜਕ 'ਤੇ ਆਉਣ ਦੀ ਨੌਬਤ ਆ ਗਈ ਸੀ। ਕਿਉਂਕਿ ਜੋ ਖਾਣਾ ਮੈਂ ਤਿਆਰ ਕੀਤਾ ਸੀ, ਉਹ ਬਹੁਤ ਹੀ ਮਾੜਾ ਬਣਿਆ ਹੋਵੇਗਾ, ਕਿਉਂਕਿ ਅਰੁਣ ਨੇ ਉਸ ਨੂੰ ਗੁਆਂਢੀ ਦੀ ਬਿੱਲੀ ਦੇ ਮੂਹਰੇ ਪਾ ਦਿੱਤਾ ਅਤੇ ਮੈਨੂੰ ਦਫ਼ਾ ਹੋ ਜਾਣ ਨੂੰ ਕਿਹਾ। ਪਰ ਮੈਂ ਆਪਣੇ ਚਿਹਰੇ 'ਤੇ ਆਪਣੀ ਸਭ ਤੋਂ ਖ਼ਾਸ ਮੁਸਕਰਾਹਟ ਲਈ ਉਸ ਦੇ ਆਲੇ-ਦੁਆਲੇ ਘੁੰਮਦਾ ਰਿਹਾ।

ਉਸ ਦੇ ਬਾਅਦ ਤਾਂ ਅਰੁਣ ਦਾ ਹਾਸਾ ਰੁਕ ਹੀ ਨਹੀਂ ਰਿਹਾ ਸੀ। ਉਹ ਬਿਸਤਰੇ 'ਤੇ ਬੈਠ ਗਿਆ ਅਤੇ ਪੰਜ ਮਿੰਟ ਤੱਕ ਹੱਸਦਾ ਰਿਹਾ ਅਤੇ ਬਾਅਦ ਵਿੱਚ ਮੇਰਾ ਸਿਰ ਥਾਪੜਦੇ ਹੋਏ ਉਸ ਨੇ ਮੈਨੂੰ ਕਿਹਾ ਕਿ ਉਹ ਮੈਨੂੰ ਖਾਣਾ ਬਣਾਉਣਾ ਸਿਖਾਏਗਾ। ਉਸ ਨੇ ਨਾ ਸਿਰਫ਼ ਮੈਨੂੰ ਖਾਣਾ ਬਣਾਉਣਾ ਸਿਖਾਇਆ, ਬਲਕਿ ਮੇਰਾ ਅਤੇ ਆਪਣਾ ਨਾਂ ਲਿਖਣਾ ਵੀ ਸਿਖਾਇਆ ਅਤੇ ਇਹ ਕਿਹਾ ਕਿ ਉਹ ਛੇਤੀ ਹੀ ਮੈਨੂੰ ਪੂਰੀ-ਪੂਰੀ ਪੰਗਤੀਆਂ ਲਿਖਣਾ ਸਿਖਾਏਗਾ ਅਤੇ ਕਾਗ਼ਜ਼ 'ਤੇ ਪੈਸੇ ਜੋੜਣਾ, ਜਦਕਿ ਮੇਰੀ ਜੇਬ ਵਿੱਚ ਕੁਝ ਨਹੀਂ ਸੀ।

ਅਰੁਣ ਦੇ ਲਈ ਕੰਮ ਕਰਨਾ ਬੇਹੱਦ ਮਜ਼ੇਦਾਰ ਸੀ। ਮੈਂ ਸਵੇਰੇ ਚਾਹ ਬਣਾਉਂਦਾ ਸੀ ਅਤੇ ਬਾਅਦ ਵਿੱਚ ਖ਼ਰੀਦਾਰੀ ਦੇ ਲਈ ਬਾਹਰ ਜਾਂਦਾ ਸੀ। ਮੈਂ ਆਰਾਮ ਨਾਲ ਸਾਰੇ ਦਿਨ ਦੇ ਲਈ ਚੀਜ਼ਾਂ ਖ਼ਰੀਦਦਾ ਸੀ ਅਤੇ ਰੋਜ਼ ਪੱਚੀ ਪੈਸਿਆਂ ਦਾ ਮੁਨਾਫ਼ਾ ਵੀ ਬਣਾ ਲੈਂਦਾ ਸੀ। ਅਰੁਣ ਨੂੰ ਦੱਸਦਾ ਸੀ ਕਿ ਅੱਧਾ ਕਿਲੋ ਚੌਲ 66 ਰੁਪਏ ਵਿੱਚ ਮਿਲਦਾ ਹੈ। ਪਰ ਅਸਲ ਵਿੱਚ ਪੰਜਾਹ ਰੁਪਏ ਵਿੱਚ ਹੀ ਮਿਲ ਜਾਂਦਾ ਸੀ। ਮੈਨੂੰ ਲੱਗਦਾ ਹੈ ਅਰੁਣ ਨੂੰ ਪਤਾ ਸੀ ਕਿ ਮੈਂ ਇਸ ਤਰ੍ਹਾਂ ਥੋੜ੍ਹੇ-ਥੋੜ੍ਹੇ ਪੈਸੇ ਕਮਾਉਂਦਾ ਹਾਂ, ਪਰ ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ ਸੀ। ਉਹ ਮੈਨੂੰ ਤਨਖ਼ਾਹ ਤਾਂ ਦਿੰਦਾ ਨਹੀਂ ਸੀ।

ਲਿਖਣਾ ਸਿਖਾਉਣ ਦੇ ਲਈ ਮੈਂ ਅਰੁਣ ਦਾ ਬਹੁਤ ਧੰਨਵਾਦੀ ਸੀ। ਮੈਨੂੰ ਪਤਾ ਸੀ ਕਿ ਜਿਸ ਦਿਨ ਮੈਂ ਇਕ ਪੜ੍ਹੇ-ਲਿਖੇ ਆਦਮੀ ਦੇ ਵਾਂਗ ਲਿਖਣਾ ਸਿੱਖ ਜਾਊਂਗਾ, ਜੀਵਨ ਵਿੱਚ ਕਾਮਯਾਬੀ ਹਾਸਿਲ ਕਰਨ ਦੀ ਕੋਈ ਹੱਦ ਨਹੀਂ ਰਹੇਗੀ। ਕੀ ਪਤਾ ਕਾਮਯਾਬੀ ਈਮਾਨਦਾਰੀ ਦਾ ਸਬਕ ਸਿਖਾ ਦੇਵੇ। ਅਰੁਣ ਹਰ ਰੋਜ਼ ਪੈਸੇ ਨਹੀਂ ਕਮਾਉਂਦਾ ਸੀ। ਉਹ ਇਕ ਦਿਨ ਉਧਾਰ ਲੈ ਲੈਂਦਾ ਸੀ ਤਾਂ ਦੂਸਰੇ ਦਿਨ ਉਧਾਰ ਮੋੜਦਾ ਸੀ। ਆਪਣੀ ਅਗਲੀ ਕਿਸ਼ਤ ਦੀ ਉਡੀਕ ਵਿੱਚ ਬੇਚੈਨ ਹੁੰਦਾ ਸੀ ਅਤੇ ਜਿਉਂ ਹੀ ਪੈਸੇ ਉਸ ਦੇ ਹੱਥ ਲੱਗਦੇ, ਬਾਹਰ ਜਾ ਕੇ ਜਸ਼ਨ ਮਨਾਉਂਦਾ ਸੀ।

ਇਕ ਸ਼ਾਮ ਤਾਂ ਉਹ ਨੋਟਾਂ ਦੀ ਇਕ ਗੱਡੀ ਦੇ ਨਾਲ ਘਰ ਆਇਆ ਅਤੇ ਰਾਤ ਨੂੰ ਮੈਂ ਉਸ ਨੂੰ ਨੋਟ ਆਪਣੇ ਬਿਸਤਰੇ ਦੇ ਗੱਦੇ ਦੇ ਥੱਲੇ ਰੱਖਦੇ ਹੋਏ ਦੇਖਿਆ। ਮੈਂ ਅਰੁਣ ਦੇ ਲਈ ਲਗਪਗ ਪੰਦਰਾਂ ਦਿਨ ਤੋਂ ਕੰਮ ਕਰ ਰਿਹਾ ਸੀ ਅਤੇ ਹਿਸਾਬ ਵਿੱਚ ਛੋਟੇ-ਮੋਟੇ ਘਪਲਿਆਂ ਦੇ ਇਲਾਵਾ, ਮੈਂ ਉਸ ਦਾ ਜ਼ਿਆਦਾ ਫ਼ਾਇਦਾ ਨਹੀਂ ਲਿਆ ਸੀ। ਹਾਲਾਂਕਿ ਇਹੋ ਜਿਹਾ ਕਰਨ ਦੇ ਮੇਰੇ ਕੋਲ ਕਈ ਮੌਕੇ ਸਨ। ਮੇਰੇ ਕੋਲ ਸਾਹਮਣੇ ਦਰਵਾਜ਼ੇ ਦੀ ਚਾਬੀ ਸੀ, ਜਿਸ ਦਾ ਮਤਲਬ ਸੀ ਕਿ ਜਦ ਅਰੁਣ ਬਾਹਰ ਹੁੰਦਾ, ਮੈਂ ਕਦੀ ਵੀ ਉਸ ਦੇ ਕਮਰੇ ਵਿੱਚ ਜਾ ਸਕਦਾ ਸੀ। ਲੋਕਾਂ 'ਤੇ ਭਰੋਸਾ ਕਰਨ ਵਾਲੇ ਆਦਮੀ ਨਾਲ ਮੈਂ ਪਹਿਲੀ ਵਾਰ ਮਿਲਿਆ ਸੀ ਅਤੇ ਇਸ ਲਈ ਚੋਰੀ ਕਰਨ ਦਾ ਮੇਰਾ ਮਨ ਨਹੀਂ ਕਰ ਰਿਹਾ ਸੀ।

ਇਕ ਲਾਲਚੀ ਆਦਮੀ ਨੂੰ ਲੁੱਟਣਾ ਸੌਖਾ ਹੈ, ਕਿਉਂਕਿ ਉਹ ਇਸੇ ਕਾਬਿਲ ਹੈ, ਇਕ ਅਮੀਰ ਆਦਮੀ ਨੂੰ ਲੁੱਟਣਾ ਸੌਖਾ ਹੈ, ਕਿਉਂਕਿ ਉਹ ਥੋੜਾ ਨੁਕਸਾਨ ਝੱਲ ਸਕਦਾ ਹੈ, ਪਰ ਇਕ ਗ਼ਰੀਬ ਆਦਮੀ ਨੂੰ ਲੁੱਟਣਾ ਮੁਸ਼ਕਿਲ ਹੈ, ਉਸ ਨੂੰ ਵੀ, ਜਿਸ ਨੂੰ ਲੁੱਟਣ ਦੀ ਪਰਵਾਹ ਨਹੀਂ। ਕੋਈ ਅਮੀਰ ਜਾਂ ਲਾਲਚੀ ਜਾਂ ਚੌਕੰਨਾ ਇਨਸਾਨ ਆਪਣੇ ਪੈਸੇ ਸਰ੍ਹਾਣੇ ਜਾਂ ਗੱਦੇ ਦੇ ਥੱਲੇ ਨਹੀਂ ਰੱਖੇਗਾ, ਉਹ ਉਸ ਨੂੰ ਕਿਸੇ ਸੁਰੱਖਿਅਤ ਥਾਂ 'ਤੇ ਜੰਦਰਾ ਲਗਾ ਕੇ ਰੱਖੇਗਾ। ਅਰੁਣ ਨੇ ਆਪਣਾ ਪੈਸਾ ਇਹੋ ਜਿਹੀ ਥਾਂ ਰੱਖਿਆ ਸੀ, ਜਿੱਥੋਂ ਉਸ ਨੂੰ ਗ਼ਾਇਬ ਕਰਨਾ ਮੇਰੇ ਲਈ ਬੱਚਿਆਂ ਦੀ ਖੇਡ ਸੀ।

ਮੈਂ ਸੋਚਿਆ ਇਹੀ ਮੌਕਾ ਹੈ, ਕੁਝ ਅਸਲੀ ਕੰਮ ਕਰਨ ਦਾ। ਮੇਰਾ ਹੁਨਰ ਪਤਲਾ ਹੁੰਦਾ ਜਾ ਰਿਹਾ ਸੀ...ਜੇਕਰ ਮੈਂ ਪੈਸੇ ਨਹੀਂ ਲੈਂਦਾ ਤਾਂ ਉਹ ਸਿਰਫ਼ ਆਪਣੇ ਦੋਸਤਾਂ 'ਤੇ ਲੁਟਾ ਦੇਵੇਗਾ...ਵੈਸੇ ਵੀ, ਉਹ ਤਾਂ ਮੈਨੂੰ ਪੈਸੇ ਦਿੰਦਾ ਹੀ ਨਹੀਂ...। ਅਰੁਣ ਸੌਂ ਚੁੱਕਿਆ ਸੀ। ਬਰਾਂਡੇ ਵਿੱਚ ਪੈਂਦੀ ਹੋਈ ਰੋਸ਼ਨੀ ਬਿਸਤਰੇ ਤੇ ਖਿੱਲਰੀ ਸੀ। ਮੈਂ ਉੱਠ ਕੇ ਬੈਠ ਗਿਆ, ਕੰਬਲ ਲਪੇਟਿਆ, ਹਾਲਾਤ ਦਾ ਮੁਆਇਨਾ ਕਰਦੇ ਹੋਏ। ਉਸ ਗੱਡੀ ਵਿੱਚ ਬਹੁਤ ਸਾਰੇ ਨੋਟ ਸਨ ਅਤੇ ਜੇਕਰ ਮੈਂ ਉਨ੍ਹਾਂ ਨੂੰ ਲੈ ਕੇ ਸ਼ਹਿਰ ਛੱਡ ਦਿੰਦਾ ਹਾਂ ਤਾਂ ਸਾਢੇ ਦਸ ਵਜੇ ਵਾਲੀ ਅੰਮ੍ਰਿਤਸਰ ਐਕਸਪ੍ਰੈਸ ਫੜ ਸਕਦਾ ਸੀ।

ਕੰਬਲ 'ਚੋਂ ਨਿਕਲ ਕੇ ਮੈਂ ਗੋਡਿਆਂ ਭਾਰ ਰਿੜ੍ਹਦਾ ਹੋਇਆ ਬਿਸਤਰੇ ਤੱਕ ਪਹੁੰਚਿਆ ਅਤੇ ਅਰੁਣ ਵੱਲ ਝਾਕਿਆ। ਉਹ ਸ਼ਾਂਤੀ ਨਾਲ ਸੁੱਤਾ ਪਿਆ ਸੀ। ਉਸ ਦਾ ਚਿਹਰਾ ਇਕਦਮ ਸਾਫ਼ ਸੀ। ਮੇਰੇ ਚਿਹਰੇ 'ਤੇ ਵੀ ਉਸ ਨਾਲੋਂ ਵੱਧ ਨਿਸ਼ਾਨ ਸਨ। ਹਾਲਾਂਕਿ ਬਹੁਤੇ ਤਾਂ ਸੱਟਾਂ ਦੇ ਨਿਸ਼ਾਨ ਸਨ। ਮੇਰੇ ਹੱਥ ਨੇ ਮੰਨੋ ਜਿਵੇਂ ਆਪਣੀ ਵੱਖਰੀ ਹੀ ਪਛਾਣ ਧਾਰਣ ਕਰ ਲਈ ਸੀ। ਉਹ ਆਪਣੇ ਆਪ ਗੱਦੇ ਦੇ ਥੱਲੇ ਤਿਲਕ ਗਿਆ, ਮੇਰੀਆਂ ਉਂਗਲੀਆਂ ਨੋਟ ਲੱਭ ਰਹੀਆਂ ਸਨ। ਨੋਟ ਮਿਲ ਗਏ ਅਤੇ ਮੈਂ ਉਨ੍ਹਾਂ ਨੂੰ ਬਿਨਾਂ ਆਵਾਜ਼ ਕੀਤੇ ਬਾਹਰ ਕੱਢ ਲਿਆ ਸੀ। ਤਦੇ ਅਰੁਣ ਨੀਂਦ ਵਿੱਚ ਮੇਰੇ ਵੱਲ ਪਲਟਿਆ। ਮੇਰਾ ਇਕ ਹੱਥ ਬਿਸਤਰੇ 'ਤੇ ਸੀ ਅਤੇ ਹੁਣ ਮੇਰੀਆਂ ਉਂਗਲੀਆਂ ਅਰੁਣ ਦੇ ਵਾਲਾਂ ਨੂੰ ਛੂਹ ਰਹੀਆਂ ਸਨ।

ਉਸ ਦੇ ਵਾਲ ਉਂਗਲੀਆਂ ਨਾਲ ਲੱਗੇ ਤਾਂ ਮੈਂ ਡਰ ਗਿਆ ਅਤੇ ਤੇਜ਼ੀ ਨਾਲ ਰਿੜ੍ਹਦਾ ਹੋਇਆ ਚੁੱਪਚਾਪ ਕਮਰੇ 'ਚੋਂ

ਬਾਹਰ ਨਿਕਲ ਗਿਆ। ਸੜਕ 'ਤੇ ਪਹੁੰਚਦਿਆਂ ਹੀ ਮੈਂ ਭੱਜਣ ਲੱਗਾ। ਬਾਜ਼ਾਰ ਵਾਲਾ ਰਾਹ ਫੜ ਕੇ ਮੈਂ ਸਟੇਸ਼ਨ ਤੱਕ ਪਹੁੰਚਿਆ। ਸਾਰੀਆਂ ਦੁਕਾਨਾਂ ਬੰਦ ਸਨ, ਪਰ ਉੱਪਰ ਦੀਆਂ ਕੁਝ ਤਾਕੀਆਂ ਵਿੱਚ ਬੱਤੀਆਂ ਜਗ ਰਹੀਆਂ ਸਨ। ਨੋਟ ਮੈਂ ਆਪਣੇ ਪਜਾਮੇ ਦੇ ਨਾਲੇ ਨਾਲ ਬੰਨ੍ਹੇ ਹੋਏ ਸਨ। ਮੈਨੂੰ ਲੱਗਿਆ ਕਿ ਰੁਕ ਕੇ ਨੋਟ ਗਿਣ ਲੈਣੇ ਚਾਹੀਦੇ ਹਨ, ਜਦਕਿ ਮੈਂ ਜਾਣਦਾ ਸੀ ਕਿ ਇੰਜ ਕਰਨ ਨਾਲ ਗੱਡੀ ਫੜਣ ਵਿੱਚ ਦੇਰੀ ਹੋ ਸਕਦੀ ਹੈ। ਦਸ ਵਜ ਕੇ ਵੀਹ ਮਿੰਟ ਹੋ ਚੁੱਕੇ ਸਨ। ਮੈਂ ਨੋਟ ਗਿਣਦਾ ਹੋਇਆ ਹੌਲੀ-ਹੌਲੀ ਤੁਰਨ ਲੱਗਾ। ਪੰਜ-ਪੰਜ ਦੇ ਨੋਟਾਂ ਵਿੱਚ ਕਰੀਬ ਸੌ ਰੁਪਏ ਸਨ। ਬਹੁਤ ਵਧੀਆ ! ਮੈਂ ਇਕ ਜਾਂ ਦੋ ਮਹੀਨਿਆਂ ਤੱਕ ਰਾਜੇ ਦੇ ਵਾਂਗ ਰਹਿ ਸਕਦਾ ਸੀ।

ਸਟੇਸ਼ਨ ਪੁੱਜਣ ਤੇ ਮੈਂ ਟਿਕਟ ਵਾਲੀ ਤਾਕੀ 'ਤੇ ਨਹੀਂ ਰੁਕਿਆ। (ਮੈਂ ਜ਼ਿੰਦਗੀ ਵਿੱਚ ਕਦੀ ਇਕ ਟਿਕਟ ਨਹੀਂ ਖ਼ਰੀਦਿਆ ਸੀ) ਬਲਕਿ ਸਿੱਧਾ ਪਲੇਟਫਾਰਮ ਵੱਲ ਦੌੜਿਆ। ਅੰਮ੍ਰਿਤਸਰ ਐਕਸਪ੍ਰੈਸ ਬੱਸ ਤੁਰੀ ਹੀ ਸੀ। ਉਹ ਐਨੀ ਹੌਲੀ ਤੁਰ ਰਹੀ ਸੀ ਕਿ ਮੈਂ ਦੌੜ ਕੇ ਕਿਸੇ ਨਾ ਕਿਸੇ ਡੱਬੇ ਵਿੱਚ ਚੜ੍ਹ ਸਕਦਾ ਸੀ, ਪਰ ਕਿਸੇ ਕਾਰਨ ਨੇ ਰੋਕ ਲਿਆ, ਜੋ ਜ਼ਰੂਰੀ ਸੀ, ਪਰ ਸਮਝਾਇਆ ਨਹੀਂ ਜਾ ਸਕਦਾ।

ਜਿੰਨੀ ਦੇਰ ਵਿੱਚ ਮੈਂ ਝਿਜਕਦਾ ਰਿਹਾ, ਉੱਨੀ ਦੇਰ ਵਿੱਚ ਗੱਡੀ ਮੇਰੇ ਬਿਨਾਂ ਹੀ ਰਵਾਨਾ ਹੋ ਚੁੱਕੀ ਸੀ। ਪਲੇਟਫਾਰਮ ਦਾ ਰੌਲਾ-ਰੱਪਾ ਮੱਠਾ ਪੈਣ ਦੇ ਬਾਅਦ ਮੈਂ ਆਪਣੇ ਆਪ ਨੂੰ ਉੱਥੇ ਇਕੱਲਾ ਖੜਾ ਪਾਇਆ। ਮੇਰੇ ਕੋਲ ਚੋਰੀ ਦੇ ਉਨ੍ਹਾਂ ਨੋਟਾਂ ਨੇ ਮੇਰੀ ਇਕੱਲਤਾ ਦੇ ਅਹਿਸਾਸ ਨੂੰ ਹੋਰ ਵਧਾ ਦਿੱਤਾ। ਰਾਤ ਕਿੱਥੇ ਕੱਟੂੰਗਾ ? ਮੈਨੂੰ ਕੋਈ ਅੰਦਾਜ਼ਾ ਨਹੀਂ ਸੀ। ਮੈਂ ਕਦੇ ਦੋਸਤ ਨਹੀਂ ਬਣਾਏ ਸਨ, ਕਿਉਂਕਿ ਕਦੀ-ਕਦੀ ਦੋਸਤ ਹੀ ਤੁਹਾਡਾ ਸੱਤਿਆਨਾਸ ਕਰ ਸਕਦੇ ਸਨ, ਅਤੇ ਕਿਸੇ ਹੋਟਲ ਵਿੱਚ ਠਹਿਰ ਕੇ ਮੈਂ ਕਿਸੇ ਦਾ ਧਿਆਨ ਆਪਣੇ ਵੱਲ ਆਕ੍ਰਿਸ਼ਤ ਨਹੀਂ ਕਰਨਾ ਚਾਹੁੰਦਾ ਸੀ। ਪੂਰੇ ਸ਼ਹਿਰ ਵਿੱਚ ਮੈਂ ਜਿਸ ਆਦਮੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ, ਉਸ ਨੂੰ ਤਾਂ ਮੈਂ ਲੁੱਟ ਕੇ ਆ ਰਿਹਾ ਸੀ।

ਸਟੇਸ਼ਨ ਤੋਂ ਬਾਹਰ ਆ ਕੇ ਮੈਂ ਬਾਜ਼ਾਰ ਦੇ ਹਨੇਰੇ ਰਾਹਾਂ ਤੋਂ ਲੰਘ ਰਿਹਾ ਸੀ। ਮੈਂ ਅਰੁਣ ਦੇ ਬਾਰੇ ਵਿੱਚ ਲਗਾਤਾਰ ਸੋਚ ਰਿਹਾ ਸੀ। ਉਹ ਅਜੇ ਵੀ ਸੌਂ ਰਿਹਾ ਹੋਵੇਗਾ, ਆਪਣੇ ਨੁਕਸਾਨ ਤੋਂ ਬੇਫ਼ਿਕਰ। ਮੈਂ ਇਹੋ ਜਿਹੇ ਲੋਕਾਂ ਦੇ ਚਿਹਰੇ ਗਹੁ ਨਾਲ ਪੜ੍ਹੇ ਹਨ, ਜਿਸ ਦਾ ਕੋਈ ਭੌਤਿਕ ਨੁਕਸਾਨ ਹੋਇਆ ਹੋਵੇ। ਲਾਲਚੀ ਆਦਮੀ ਦੇ ਚਿਹਰੇ 'ਤੇ ਗ਼ੁੱਸਾ, ਗ਼ਰੀਬ ਆਦਮੀ ਡਰਿਆ ਹੋਇਆ ਹੁੰਦਾ ਹੈ, ਪਰ ਮੈਨੂੰ ਪਤਾ ਸੀ ਕਿ ਚੋਰੀ ਦੇ ਬਾਰੇ ਵਿੱਚ ਜਾਨਣ ਦੇ ਬਾਅਦ ਅਰੁਣ ਦੇ ਚਿਹਰੇ 'ਤੇ ਨਾ ਘਬਰਾਹਟ ਹੋਵੇਗੀ, ਨਾ ਗ਼ੁੱਸਾ ਹੋਵੇਗਾ ਅਤੇ ਨਾ ਹੀ ਡਰ। ਬੱਸ ਇਕ ਡੂੰਘੀ ਉਦਾਸੀ ਛਾਈ ਹੋਵੇਗੀ, ਪੈਸਿਆਂ ਦੇ ਨੁਕਸਾਨ ਦੇ ਲਈ ਨਹੀਂ, ਬਲਕਿ ਮੈਂ ਉਸ ਦਾ ਭਰੋਸਾ ਤੋੜਿਆ ਸੀ, ਇਸ ਲਈ।

ਮੈਦਾਨ ਵਿੱਚ ਪੁੱਜ ਕੇ ਮੈਂ ਇਕ ਬੈਂਚ 'ਤੇ ਪੈਰ ਇਕੱਠੇ ਕਰਕੇ ਬੈਠ ਗਿਆ। ਰਾਤ ਥੋੜ੍ਹੀ ਠੰਡੀ ਸੀ, ਮੈਨੂੰ ਅਰੁਣ ਦਾ ਕੰਬਲ ਨਾਲ ਲੈ ਆਉਣਾ ਚਾਹੀਦਾ ਸੀ। ਹਲਕੀ ਬੂੰਦਾ-ਬਾਂਦੀ ਨਾਲ ਮੇਰੀ ਮੁਸ਼ਕਿਲ ਹੋਰ ਵਧ ਗਈ। ਛੇਤੀ ਹੀ ਜ਼ੋਰਾਂ ਦਾ ਮੀਂਹ ਪੈਣ ਲੱਗਾ। ਠੰਡੀ ਹਵਾ ਵਗਣ ਦੇ ਕਾਰਨ ਮੇਰੇ ਕੱਪੜੇ ਸਰੀਰ ਨਾਲ ਚਿੰਬੜ ਗਏ ਅਤੇ ਚਿਹਰੇ 'ਤੇ ਪਾਣੀ ਦੀਆਂ ਤਿੱਖੀਆਂ ਬੂੰਦਾਂ ਪੈਣ ਲੱਗੀਆਂ। ਅਜੇ ਤੱਕ ਮੈਨੂੰ ਬੈਂਚ 'ਤੇ ਪੈਣ ਦੀ ਆਦਤ ਪੈ ਜਾਣੀ ਚਾਹੀਦੀ ਸੀ ਪਰ ਉਸ ਬਰਾਂਡੇ ਨੇ ਮੇਰੀ ਆਦਤ ਵਿਗਾੜ ਦਿੱਤੀ ਸੀ।

ਮੈਂ ਵਾਪਸ ਬਾਜ਼ਾਰ ਤੱਕ ਗਿਆ ਅਤੇ ਇਕ ਬੰਦ ਦੁਕਾਨ ਦੇ ਬਾਹਰ ਬੈਠ ਗਿਆ। ਮੇਰੇ ਕੋਲ ਕੁਝ ਲੋਕ ਆਪਣੇ-ਆਪਣੇ ਕੰਬਲਾਂ ਵਿੱਚ ਸੁੰਗੜ ਕੇ ਸੌਂ ਰਹੇ ਸਨ। ਘੜੀ 'ਤੇ ਬਾਰਾਂ ਵਜ ਚੁੱਕੇ ਸਨ, ਮੈਂ ਨੋਟਾਂ ਵੱਲ ਹੱਥ ਵਧਾਇਆ, ਉਹ ਅਜੇ ਵੀ ਮੇਰੇ ਨਾਲ ਸਨ, ਪਰ ਆਪਣਾ ਕਰਾਰਾਪਨ ਗੁਆ ਚੁੱਕੇ ਸਨ ਅਤੇ ਮੀਂਹ ਦੇ ਪਾਣੀ ਨਾਲ ਗਿੱਲੇ ਹੋ ਗਏ ਸਨ। ਅਰੁਣ ਦੇ ਪੈਸੇ ! ਸਵੇਰੇ ਸ਼ਾਇਦ ਉਹ ਮੈਨੂੰ ਫ਼ਿਲਮ ਦੇਖਣ ਦੇ ਲਈ ਇਕ ਰੁਪਇਆ ਦਿੰਦਾ ਪਰ ਹੁਣ ਮੇਰੇ ਕੋਲ ਸਾਰੇ ਦਾ ਸਾਰੇ ਪੈਸਾ ਸੀ। ਹੁਣ ਨਾ ਉਸ ਦਾ ਖਾਣਾ ਬਣਾਉਣਾ ਸੀ, ਨਾ ਬਾਜ਼ਾਰ ਭੱਜਣਾ, ਨਾ ਲਿਖਣਾ ਸਿੱਖਣਾ। ਲਿਖਣਾ ਸਿੱਖਣਾ....!

ਉਹ ਤਾਂ ਮੈਂ ਸੌ ਰੁਪਇਆਂ ਦੇ ਉਤਸ਼ਾਹ ਵਿੱਚ ਭੁੱਲ ਹੀ ਗਿਆ ਸੀ। ਲਿਖਣਾ ਸਿੱਖਣਾ ਸਿੱਖ ਕੇ ਮੈਨੂੰ ਪਤਾ ਸੀ ਕਿ ਇਕ ਦਿਨ ਮੈਨੂੰ ਸੌ ਰੁਪਇਆਂ ਨਾਲੋਂ ਵੱਧ ਮਿਲ ਸਕਦੇ ਸਨ। ਚੋਰੀ ਕਰਨਾ ਸੌਖੀ ਗੱਲ ਨਹੀਂ ਸੀ (ਅਤੇ ਕਦੀ-ਕਦੀ ਫੜੇ ਜਾਣਾ ਵੀ ਉੱਨਾਂ ਹੀ ਸੌਖਾ) ਅਤੇ ਵਾਕਿਆ ਹੀ ਇਕ ਵੱਡਾ ਆਦਮੀ ਬਣਨਾ, ਇਕ ਬੁੱਧੀਮਾਨ ਅਤੇ ਕਾਮਯਾਬ ਆਦਮੀ ਬਣਨਾ ਕੁਝ ਹੋਰ ਹੀ ਗੱਲ ਹੁੰਦੀ ਹੈ। ਮੈਂ ਖ਼ੁਦ ਨੂੰ ਕਿਹਾ ਕਿ ਮੈਨੂੰ ਅਰੁਣ ਦੇ ਕੋਲ ਚਲੇ ਜਾਣਾ ਚਾਹੀਦਾ, ਭਾਵੇਂ ਸਿਰਫ਼ ਲਿਖ ਸਕਾਂ।

ਸ਼ਾਇਦ ਅਰੁਣ ਦੇ ਲਈ ਚਿੰਤਾ ਵੀ ਸੀ, ਜੋ ਮੈਨੂੰ ਉਸ ਵੱਲ ਵਾਪਸ ਖਿੱਚ ਲੈ ਗਈ। ਹਮਦਰਦੀ ਮੇਰੀਆਂ ਕਮਜ਼ੋਰੀਆਂ 'ਚੋਂ ਇਕ ਹੈ, ਚੋਰੀ ਕਰਦੇ ਸਮੇਂ ਝਿਜਕ ਦੇ ਕਾਰਨ ਮੈਂ ਅਕਸਰ ਫੜਿਆ ਜਾ ਚੁੱਕਿਆ ਸੀ। ਇਕ ਕਾਮਯਾਬ ਚੋਰ ਨੂੰ ਨਿਰਦਈ ਹੋਣਾ ਚਾਹੀਦਾ ਹੈ। ਮੈਨੂੰ ਅਰੁਣ ਪਸੰਦ ਸੀ। ਉਸ ਦੇ ਲਈ ਮੇਰਾ ਲਗਾਵ, ਮੇਰੀ ਹਮਦਰਦੀ ਦੀ ਭਾਵਨਾ, ਪਰ ਇਨ੍ਹਾਂ ਸਭਨਾਂ

ਨਾਲੋਂ ਵੱਧ ਕੇ ਮੇਰੀ ਲਿਖਣ ਦੀ ਇੱਛਾ ਸੀ ਜੋ ਮੈਨੂੰ ਵਾਪਸ ਉਸ ਕਮਰੇ ਤੱਕ ਲੈ ਗਈ।

ਮੈਂ ਘਬਰਿਆ ਹੋਇਆ ਕਮਰੇ ਤੱਕ ਪੁੱਜਿਆ, ਕਿਉਂਕਿ ਚੋਰੀ ਕਰਨਾ ਚੋਰੀ ਦਾ ਮਾਲ ਵਾਪਸ ਰੱਖਣ ਨਾਲੋਂ ਵੱਧ ਸੌਖਾ ਹੈ। ਜੇਕਰ ਮੈਂ ਹੱਥ ਵਿੱਚ ਪੈਸਿਆਂ ਦੇ ਨਾਲ ਬਿਸਤਰੇ ਦੇ ਕੋਲ ਫੜਿਆ ਜਾਂਦਾ ਤਾਂ ਉਸ ਦਾ ਸਿਰਫ਼ ਇਕ ਹੀ ਮਤਲਬ ਸਮਝਿਆ ਜਾ ਸਕਦਾ ਸੀ ਕਿ ਮੈਂ ਦਰਅਸਲ ਚੋਰੀ ਕਰ ਰਿਹਾ ਸੀ। ਜੇਕਰ ਅਰੁਣ ਜਾਗ ਪੈਂਦਾ ਹੈ ਤਾਂ ਮੈਂ ਹਾਰ ਜਾਵਾਂਗਾ।

ਮੈਂ ਪੋਲੇ ਜਿਹੇ ਬੂਹਾ ਖੋਲ੍ਹਿਆ, ਫੇਰ ਥੋੜ੍ਹਾ ਚਿਰ ਉੱਥੇ ਚੰਨ ਦੀ ਰੋਸ਼ਨੀ ਵਿੱਚ ਢੱਕਿਆ ਖੜਾ ਰਿਹਾ। ਅਰੁਣ ਅਜੇ ਤੱਕ ਸੁੱਤਾ ਪਿਆ ਸੀ। ਮੈਂ ਦੁਬਾਰਾ ਦੇਖਦਾ ਹੋਇਆ ਬਿਸਤਰੇ ਤੱਕ ਪਹੁੰਚਿਆ। ਫੜੇ ਹੋਏ ਨੋਟਾਂ ਵਾਲਾ ਹੱਥ ਮੈਂ ਉਤਾਂਹ ਵੱਲ ਚੁੱਕਿਆ। ਮੈਂ ਉਸ ਦੇ ਸਾਹ ਆਪਣੀਆਂ ਉਂਗਲਾਂ 'ਤੇ ਮਹਿਸੂਸ ਕਰ ਰਿਹਾ ਸਾਂ। ਮੈਂ ਫਿਰ ਤੋਂ ਉਸ ਦੇ ਸ਼ਾਂਤ ਚਿਹਰੇ ਵੱਲ ਆਕਰਿਸ਼ਤ ਹੋ ਕੇ ਮੈਂ ਇਕ ਮਿੰਟ ਤੱਕ ਹਿੱਲ ਨਹੀਂ ਸਕਿਆ, ਫੇਰ ਹੱਥ ਗੱਦੇ 'ਤੇ ਗਿਆ, ਖੂੰਜਾ ਲੱਭਿਆ ਅਤੇ ਮੈਂ ਨੋਟ ਉੱਧਰ ਖਿਸਕਾ ਦਿੱਤੇ।

ਜਦ ਮੈਂ ਅਗਲੇ ਦਿਨ ਉੱਠਿਆ ਤਾਂ ਮੈਂ ਦੇਖਿਆ ਕਿ ਅਰੁਣ ਚਾਹ ਬਣਾ ਚੁੱਕਿਆ ਸੀ। ਸਵੇਰ ਦੀ ਬੇਰਹਿਮ ਰੋਸ਼ਨੀ ਵਿੱਚ ਉਸ ਦਾ ਸਾਹਮਣਾ ਕਰਨਾ ਔਖਾ ਸੀ। ਉਸ ਦਾ ਹੱਥ ਮੇਰੇ ਵੱਲ ਵਧਿਆ ਹੋਇਆ ਸੀ। ਉਸ ਦੀਆਂ ਉਂਗਲੀਆਂ ਵਿਚਾਲੇ ਇਕ ਪੰਜ ਦਾ ਨੋਟ ਫਸਿਆ ਹੋਇਆ ਸੀ। ਮੇਰਾ ਦਿਲ ਜਿਵੇਂ ਡੁੱਬਣ ਲੱਗਿਆ।

"ਕੱਲ੍ਹ ਮੈਂ ਕੁਝ ਪੈਸੇ ਕਮਾਏ" ਉਹ ਬੋਲਿਆ, "ਅੱਜ ਤੋਂ ਤੈਨੂੰ ਪਗਾਰ (ਤਨਖ਼ਾਹ) ਮਿਲੇਗੀ। ਜਿੰਨੀ ਜਲਦੀ ਮੈਂ ਨਿਰਾਸ਼ ਹੋਇਆ ਸੀ, ਉੱਨੀ ਹੀ ਜਲਦੀ ਫੇਰ ਖ਼ੁਸ਼ ਹੋ ਉੱਠਿਆ। ਪੈਸੇ ਮੋੜਣ ਦੇ ਲਈ ਮੈਂ ਖ਼ੁਦ ਨੂੰ ਸ਼ਾਬਾਸ਼ੀ ਦਿੱਤੀ, ਪਰ ਜਦ ਮੈਂ ਨੋਟ ਲਿਆ, ਮੈਨੂੰ ਅਹਿਸਾਸ ਹੋਇਆ ਕਿ ਅਰੁਣ ਨੂੰ ਸਾਰਾ ਕੁਝ ਪਤਾ ਲੱਗ ਚੁੱਕਿਆ ਹੈ। ਦੋ ਨੋਟ ਪਿਛਲੀ ਰਾਤ ਪਏ ਮੀਂਹ ਨਾਲ ਅਜੇ ਤੱਕ ਗਿੱਲੇ ਸਨ।

"ਅੱਜ ਮੈਂ ਤੈਨੂੰ ਤੇਰੇ ਨਾਂ ਨਾਲੋਂ ਥੋੜ੍ਹਾ ਵੱਧ ਲਿਖਣਾ ਸਿਖਾਵਾਂਗਾ।" ਅਰੁਣ ਨੇ ਮੈਨੂੰ ਕਿਹਾ। ਉਸ ਨੂੰ ਪਤਾ ਸੀ, ਪਰ ਨਾ ਤਾਂ ਉਸ ਦੇ ਬੁੱਲ੍ਹਾਂ ਨੇ ਕੁਝ ਕਿਹਾ, ਨਾ ਹੀ ਉਸਦੀਆਂ ਅੱਖਾਂ ਨੇ ਕੁਝ ਜਤਾਇਆ। ਮੈਨੂੰ ਪਤਾ ਵੀ ਨਹੀਂ ਲੱਗਾ ਅਤੇ ਮੇਰੇ ਬੁੱਲ੍ਹਾਂ 'ਤੇ ਸਭ ਤੋਂ ਪਿਆਰੀ ਮੁਸਕਰਾਹਟ ਸੀ।

*ਪਿੰਡ ਰਾਮਗੜ੍ਹ, ਡਾਕ ਫਿਲੌਰ-144410*
*ਜ਼ਿਲ੍ਹਾ ਜਲੰਧਰ (ਪੰਜਾਬ)*

## ਗ਼ਜ਼ਲ

### ਮੋਹਨ ਸਿੰਘ 'ਬੈਰੀ'

ਕੌੜੇ ਬੋਲ ਨਾ ਬੋਲ, ਓ ਯਾਰਾ !
ਹਰਦਮ ਮਿੱਠਾ ਬੋਲ, ਓ ਯਾਰਾ !

ਸਭਨਾਂ ਦੇ ਵਿੱਚ ਰੱਬ ਵਸਦਾ ਹੈ,
ਇਹ ਹੀਰੇ ਅਨਮੋਲ, ਓ ਯਾਰਾ !

ਤੇਰਾ, ਤੇਰਾ ਕਰਦਾ ਰਹਿ ਤੂੰ,
ਸੱਚ ਦਾ ਸੌਦਾ ਤੋਲ, ਓ ਯਾਰਾ !

ਕਪਟੀ ਲੋਕਾਂ, ਕਪਟੀ ਰਹਿਣਾ,
ਸੁੱਚੀ ਬੋਲੀ ਬੋਲ, ਓ ਯਾਰਾ !

ਤੂੰ ਹੀ ਤੂੰ, ਬੋਲੇ ਇਕ ਤਾਰਾ,
ਤੂੰ ਵੀ ਇਹੀ ਬੋਲ, ਓ ਯਾਰਾ !

ਦੁਨੀਆ ਦਾ ਤੂੰ ਕੀ ਪੁੱਛਨਾ ਏਂ,
ਇਹ ਦੁਨੀਆ ਹੈ ਗੋਲ, ਓ ਯਾਰਾ !

ਦੂਰ ਦੁਰੇਡੇ ਵੱਜਦੇ ਨੇ ਜੋ,
ਚੰਗੇ ਲੱਗਦੇ ਢੋਲ, ਓ ਯਾਰਾ !

ਮਾਨਵਤਾ ਦੀਆਂ ਗ਼ਜ਼ਲਾਂ ਲਿਖ ਕੇ,
ਮਨ ਦੀ ਘੁੰਢੀ ਖੋਲ੍ਹ, ਓ ਯਾਰਾ !

ਅੰਮ੍ਰਿਤ ਵਰਗੇ ਪਾਣੀ ਦੇ ਵਿੱਚ,
ਐਵੇਂ ਜ਼ਹਿਰ ਨਾ ਘੋਲ, ਓ ਯਾਰਾ !

ਹੋਂਦ ਮੇਰੀ ਨੂੰ ਤੱਕ ਕੇ ਯਾਰੋ,
ਕੋਈ ਨਾ ਆਵੇ ਕੋਲ, ਓ ਯਾਰਾ !

ਪਖੰਡੀਆਂ ਦੇ ਗਲ਼ ਵੇਖ ਰਿਹਾ ਹਾਂ,
ਮੈਂ ਤਗ਼ਮੇ ਅਨਮੋਲ, ਓ ਯਾਰਾ !

'ਬੈਰੀ' ਦਾ ਇਹ ਕਰਮ ਰਿਹਾ ਹੈ,
ਖੋਲ੍ਹੇ ਸਭ ਦੇ ਪੋਲ, ਓ ਯਾਰਾ !

ਲੇਖ

# ਗਾਂਧੀ ਜੀ : ਨਾਰੀ ਮੁਕਤੀ ਦੇ ਮਸੀਹਾ

**ਪ੍ਰੇਮਭੂਸ਼ਣ ਗੋਇਲ**

ਗਾਂਧੀ ਜੀ ਯੁਗ-ਪੁਰਖ ਸਨ। ਉਨ੍ਹਾਂ ਨੇ ਜਿੱਥੇ ਭਾਰਤ ਦੀ ਆਜ਼ਾਦੀ ਲਈ ਮਹਾਨ ਘਾਲਣਾ ਘਾਲੀ ਉੱਥੇ ਕਮਜ਼ੋਰ ਵਰਗਾਂ ਦੇ ਉੱਧਾਰ ਲਈ ਵੀ ਅਸਾਧਾਰਣ ਕੰਮ ਕੀਤਾ। ਇਹੋ ਕਾਰਨ ਹੈ ਕਿ ਸਾਰਾ ਸੰਸਾਰ ਉਹਨਾਂ ਨੂੰ 'ਭਾਰਤ ਦੀ ਨਾਰੀ ਜਾਤੀ ਦਾ ਮਸੀਹਾ' ਆਖ ਕੇ ਸਨਮਾਨਦਾ ਹੈ।

ਚਿਰਾਂ ਦੀ ਗ਼ੁਲਾਮੀ ਕਾਰਨ ਭਾਰਤ ਦੀ ਨਾਰੀ ਨੂੰ ਸਭ ਤੋਂ ਵੱਧ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ ਹੈ। ਇਕ ਸਮਾਂ ਸੀ ਜਦ ਭਾਰਤ ਵਿੱਚ ਉਹਨਾਂ ਨੂੰ ਪੁਰਖਾਂ ਦੇ ਬਰਾਬਰ ਅਧਿਕਾਰ ਪ੍ਰਾਪਤ ਸਨ ਪਰ ਸੀਤਾ ਤੇ ਰਾਧਾ ਦੇ ਦੇਸ਼ ਵਿੱਚ ਉਹ ਸਮਾਂ ਵੀ ਆਇਆ ਕਿ ਪੁਰਖ ਇਸਤਰੀ ਨੂੰ ਆਪਣੇ ਨਾਲੋਂ ਹੀਣ ਸਮਝਣ ਲੱਗੇ। ਸਭ ਤੋਂ ਭੈੜੀ ਗੱਲ ਇਹ ਹੋਈ ਕਿ ਇਸ ਨੂੰ ਨਾਰੀ ਨੇ ਵੀ ਸਵੀਕਾਰ ਕਰ ਲਿਆ। ਹੌਲੀ-ਹੌਲੀ ਇਹ ਸਮਝਿਆ ਜਾਣ ਲੱਗ ਪਿਆ ਕਿ ਇਸਤਰੀ ਦੀ ਨਾ ਆਪਣੀ ਕੋਈ ਆਵਾਜ਼ ਹੈ, ਨਾ ਪਛਾਣ ਤੇ ਨਾ ਹੀ ਆਪਣੀ ਕੋਈ ਸ਼ਖ਼ਸੀਅਤ। ਉਹ ਆਪਣੇ ਪਤੀ ਦੀ ਇਕ ਜਾਇਦਾਦ ਬਣ ਕੇ ਰਹਿ ਗਈ।

ਗਾਂਧੀ ਜੀ ਜਦ ਭਾਰਤ ਦੇ ਰੰਗਮੰਚ ਉੱਤੇ ਆਏ ਤਾਂ ਭਾਰਤੀ ਨਾਰੀ ਦੀ ਇਹੋ ਦੁਰਦਸ਼ਾ ਸੀ। ਗਾਂਧੀ ਜੀ ਨੇ ਤਦ ਨਾਰੀ ਦਾ ਪੱਖ ਲਿਆ ਤੇ ਖੁੱਲ੍ਹਮ-ਖੁੱਲ੍ਹਾ ਕਿਹਾ ਕਿ ਨਾਰੀ ਅਤੇ ਪੁਰਖ ਬਰਾਬਰ ਹਨ। ਇਹ ਇਕ ਕ੍ਰਾਂਤੀਕਾਰੀ ਵਿਚਾਰ ਸੀ ਤੇ ਮਹਾਤਮਾ ਗਾਂਧੀ ਜੀ ਜਿਹਾ ਕ੍ਰਾਂਤੀਕਾਰੀ ਹੀ ਉਸ ਸਮੇਂ ਇਹ ਵਿਚਾਰ ਦੇ ਸਕਦਾ ਸੀ। ਪੁਰਖ ਤੇ ਨਾਰੀ ਇਕੋ ਹੀ ਪੌਣ-ਪਾਣੀ ਵਿੱਚ ਰਹਿੰਦੇ ਹਨ, ਇਕੋ ਹੀ ਹਵਾ ਵਿੱਚ ਸਾਹ ਲੈਂਦੇ ਹਨ, ਇਕੋ ਹੀ ਪਰਮਾਤਮਾ ਦੇ ਜਾਏ ਹੋਏ ਹਨ ਫੇਰ ਉਹਨਾਂ ਵਿੱਚੋਂ ਇਕ ਛੋਟਾ ਤੇ ਦੂਜਾ ਵੱਡਾ ਕਿਵੇਂ ਹੋ ਸਕਦਾ ਹੈ ? ਗਾਂਧੀ ਜੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਸੀ — "ਮੇਰੀ ਨਿੱਜੀ ਧਾਰਨਾ ਹੈ ਕਿ ਇਸਤਰੀ ਅਤੇ ਪੁਰਖ ਮੁੱਢਲੇ ਤੌਰ ਉੱਤੇ ਇਕ ਹਨ। ਉਹਨਾਂ ਦੋਹਾਂ ਵਿੱਚ ਇਕੋ ਜਿਹੀ ਆਤਮਾ ਹੈ। ਉਹ ਦੋਵੇਂ ਇਕੋ ਜਿਹੀ ਜ਼ਿੰਦਗੀ



ਬਤੀਤ ਕਰਦੇ ਹਨ। ਇਸਤਰੀ-ਪੁਰਖ ਵਿੱਚ ਭਾਵਨਾਵਾਂ ਵੀ ਇਕੋ ਜਿਹੀਆਂ ਹੀ ਹਨ। ਉਹ ਇਕ-ਦੂਜੇ ਦੇ ਪੂਰਕ ਹਨ।" (ਹਰੀਜਨ, ਫਰਵਰੀ 27, 1937)

ਉਹਨਾਂ ਨੇ 1930 ਵਿੱਚ 10 ਅਪ੍ਰੈਲ ਨੂੰ 'ਯੰਗ ਇੰਡੀਆ' ਵਿੱਚ ਲਿਖਿਆ ਸੀ — "ਨਾਰੀ ਨੂੰ ਅਬਲਾ ਕਹਿਣਾ ਅਧਰਮ ਹੈ। ਇਹ ਸਭ ਤੋਂ ਵੱਡਾ ਪਾਪ ਹੈ ਜਿਹੜਾ ਨਾਰੀ ਵਿਰੁੱਧ ਪੁਰਖ ਵੱਲੋਂ ਕੀਤਾ ਜਾ ਸਕਦਾ ਹੈ।"

ਗਾਂਧੀ ਜੀ ਨੇ ਇਸਤਰੀ ਜਾਤੀ ਨੂੰ ਹਲੂਣਾ ਦਿੱਤਾ ਤੇ ਬਾਰ-ਬਾਰ ਇਹੋ ਕਿਹਾ ਕਿ ਉਹ ਆਪਣੇ ਆਪ ਨੂੰ ਕਿਸੇ ਤਰ੍ਹਾਂ ਵੀ ਪੁਰਖ ਨਾਲੋਂ ਹੀਣ ਨਾ ਸਮਝਣ। ਉਹਨਾਂ ਦਾ ਵਿਸ਼ਵਾਸ ਸੀ ਕਿ ਜਦ ਭਾਰਤੀ ਨਾਰੀ ਆਪਣੇ ਹੱਕਾਂ ਪ੍ਰਤੀ ਜਾਗ੍ਰਤ ਹੋ ਗਈ ਤਾਂ ਪੁਰਖ ਦੀ ਗ਼ੁਲਾਮੀ ਤੋਂ ਆਜ਼ਾਦੀ ਪ੍ਰਾਪਤ ਕਰ ਲਵੇਗੀ। ਭਾਰਤ ਦੀ ਆਜ਼ਾਦੀ ਲਈ ਵੀ ਗਾਂਧੀ ਜੀ ਨਾਰੀ ਜਾਤੀ ਦੀ ਜਾਗ੍ਰਤੀ ਨੂੰ ਜ਼ਰੂਰੀ ਖ਼ਿਆਲ ਕਰਦੇ ਸਨ।

ਇਸ ਕਰਕੇ ਗਾਂਧੀ ਜੀ ਚਾਹੁੰਦੇ ਸਨ ਕਿ ਨਾਰੀ ਨੂੰ ਵੱਧ ਤੋਂ ਵੱਧ ਪੜ੍ਹਨਾ ਚਾਹੀਦਾ ਹੈ ਕਿਉਂਕਿ ਪੜ੍ਹਾਈ ਨਾਲ ਹੀ ਉਹਨਾਂ ਵਿੱਚ ਜਾਗ੍ਰਤੀ ਆ ਸਕੇਗੀ ਤੇ ਉਹ ਆਰਥਿਕ ਤੌਰ ਉੱਤੇ ਆਜ਼ਾਦ ਹੋ ਕੇ ਸਮਾਜਿਕ, ਮਨੋਵਿਗਿਆਨਕ ਤੇ

ਰਾਜਨੀਤਕ ਖੇਤਰ ਵਿੱਚ ਪੁਰਖਾਂ ਦੇ ਬਰਾਬਰ ਦਰਜਾ ਪ੍ਰਾਪਤ ਕਰਨ ਲਈ ਜਦੋਜਹਿਦ ਕਰ ਸਕਦੀਆਂ ਹਨ। ਉਹਨਾਂ ਦਾ ਕਥਨ ਸੀ — "ਭਾਵੇਂ ਅਣਪੜ੍ਹ ਵੀ ਕਈ ਮਹੱਤਵਪੂਰਨ ਕੰਮ ਕਰ ਸਕਦੇ ਹਨ ਪਰ ਮੇਰੀ ਇਹ ਦ੍ਰਿੜ੍ਹ ਧਾਰਨਾ ਹੈ ਕਿ ਥੋੜ੍ਹੀ ਜਿਹੀ ਪੜ੍ਹਾਈ-ਲਿਖਾਈ ਨਾਲ ਬੁੱਧੀ ਤੇਜ਼ ਹੁੰਦੀ ਹੈ ਤੇ ਬੌਧਿਕ ਵਿਕਾਸ ਸੰਭਵ ਹੋ ਜਾਂਦਾ ਹੈ। ਵਿੱਦਿਆ ਪ੍ਰਾਪਤੀ ਨਾਲ ਔਰਤਾਂ ਆਪਣੇ ਅਧਿਕਾਰਾਂ ਦੀ ਰਾਖੀ ਕਰ ਸਕਦੀਆਂ ਹਨ ਤੇ ਇਨ੍ਹਾਂ ਅਧਿਕਾਰਾਂ ਦੀ ਸੁਯੋਗ ਵਰਤੋਂ ਲਈ ਵੀ ਗਿਆਨ ਪ੍ਰਾਪਤ ਕਰ ਸਕਦੀਆਂ ਹਨ। ਇਸ ਤਰ੍ਹਾਂ ਸਭ ਖੇਤਰਾਂ ਵਿੱਚ ਆਜ਼ਾਦੀ ਲਈ ਰਾਹ ਵੀ ਖੁੱਲ੍ਹ ਜਾਵੇਗਾ।"

ਗਾਂਧੀ ਜੀ ਨੇ ਭਾਰਤੀ ਨਾਰੀ ਦੀਆਂ ਸਮੱਸਿਆਵਾਂ ਨੂੰ ਸਮਝਿਆ। ਪਰਦਾ ਪ੍ਰਥਾ ਬਾਰੇ ਗਾਂਧੀ ਜੀ ਦਾ ਵਿਚਾਰ ਸੀ ਕਿ ਇਹ ਭਾਰਤ ਵਿੱਚ ਉਦੋਂ ਤੋਂ ਸ਼ੁਰੂ ਹੋਈ ਜਦ ਤੋਂ ਦੇਸ਼ ਗਿਰਾਵਟ ਦੇ ਦੌਰ ਵਿੱਚੋਂ ਲੰਘ ਰਿਹਾ ਸੀ। ਇਹ ਇਕ ਅਜਿਹੀ ਪ੍ਰਥਾ ਹੈ ਜਿਸ ਨੇ ਔਰਤ ਨੂੰ ਘਰ ਦੀ ਚਾਰਦੀਵਾਰੀ ਵਿੱਚ ਬੰਦ ਕੀਤਾ ਹੈ ਤੇ ਇਹ ਸਿਹਤ ਦੇ ਪੱਖੋਂ ਵੀ ਨਾਰੀ ਲਈ ਘਾਤਕ ਹੈ। ਗਾਂਧੀ ਜੀ ਨੇ ਨਾਰੀ ਨੂੰ ਲਲਕਾਰ ਕੇ ਕਿਹਾ ਸੀ —

"ਇਸ ਪਰਦੇ ਨੂੰ ਇਕੋ ਵੇਰ ਵਿੱਚ ਫਾੜ ਕੇ ਵਗਾਹ ਮਾਰੋ। ਨਾਰੀ ਨੂੰ ਖੁੱਲ੍ਹੀ ਹਵਾ ਵਿੱਚ ਸਾਹ ਲੈਣ ਦਾ ਉੱਨਾਂ ਹੀ ਹੱਕ ਹੈ। ਜਿੰਨ੍ਹਾਂ ਕਿ ਪੁਰਖ ਨੂੰ।"

ਉਹਨਾਂ ਨੇ ਬਾਲ-ਵਿਆਹ, ਸਤੀ ਪ੍ਰਥਾ, ਦਹੇਜ ਦਾ ਸਖ਼ਤ ਵਿਰੋਧ ਕੀਤਾ ਅਤੇ ਵਿਧਵਾ ਵਿਆਹ ਅਤੇ ਨਾਰੀਆਂ ਨੂੰ ਹੋਰ ਹੱਕ ਦੇਣ ਦੀ ਪੂਰੀ ਤਰ੍ਹਾਂ ਵਕਾਲਤ ਕੀਤੀ। ਭਾਰਤੀ ਨਾਰੀ ਨੂੰ ਪੁਰਖ ਦੀ ਗ਼ੁਲਾਮੀ ਤੋਂ ਆਜ਼ਾਦ ਕਰਵਾਉਣਾ ਗਾਂਧੀ ਜੀ ਦੀ ਵੱਡੀ ਲੜਾਈ ਦਾ ਇਕ ਅੰਗ ਸੀ, ਜਿਹੜੀ ਉਹ ਇਸ ਦੇਸ਼ ਨੂੰ ਆਜ਼ਾਦ ਕਰਾਉਣ ਲਈ ਅੰਗ੍ਰੇਜ਼ਾਂ ਨਾਲ ਲੜ ਰਹੇ ਸਨ। ਇਹ ਉਹਨਾਂ ਦੀ ਅਗਵਾਈ ਦਾ ਹੀ ਨਤੀਜਾ ਸੀ ਕਿ ਕਸਤੂਰਬਾ, ਸਰੂਪਰਾਣੀ, ਕਮਲਾ ਨਹਿਰੂ, ਵਿਜੈ ਲਕਸ਼ਮੀ ਪੰਡਤ, ਸਰੋਜਨੀ ਨਾਇਡੂ, ਸੁਚੇਤਾ ਕ੍ਰਿਪਲਾਨੀ ਦੁਆਰਾ ਸੁਤੰਤਰਤਾ ਸੰਗਰਾਮ ਵਿੱਚ ਭਾਗ ਲਿਆ ਗਿਆ। ਗਾਂਧੀ ਜੀ ਦੇ ਚਰਖੇ ਨੇ ਤਾਂ ਹਰ ਭਾਰਤੀ ਨਾਰੀ ਨੂੰ ਸੁਤੰਤਰਤਾ ਸੰਗ੍ਰਾਮ ਦਾ ਅਹਿਮ ਸੱਤਿਆਗ੍ਰਹੀ ਹੋਣ ਦਾ ਗੌਰਵ ਪ੍ਰਦਾਨ ਕੀਤਾ ਸੀ।

ਭਾਰਤੀ ਸੰਵਿਧਾਨ ਵੱਲੋਂ ਨਾਰੀ ਨੂੰ ਰਾਜਨੀਤਕ, ਵਿੱਦਿਅਕ, ਆਰਥਿਕ, ਸਮਾਜਿਕ ਖੇਤਰਾਂ ਵਿੱਚ ਪੁਰਖ ਦੇ ਬਰਾਬਰ ਅਧਿਕਾਰ ਦੇਣਾ ਗਾਂਧੀ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਹੀ ਆਖਿਆ ਜਾ ਸਕਦਾ ਹੈ। ਇਹ ਗਾਂਧੀ ਜੀ ਦੇ ਜਤਨਾਂ ਦਾ ਹੀ ਫਲ ਹੈ ਕਿ ਅੱਜ ਭਾਰਤੀ ਨਾਰੀ ਭਾਰਤ ਦੇ ਨਵ-ਨਿਰਮਾਣ ਵਿੱਚ ਪੁਰਖਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਉੱਨਤੀ ਦੀ ਰਾਹ ਉੱਤੇ ਨਿਰੰਤਰ ਅੱਗੇ ਵਧ ਰਹੀ ਹੈ।

12, ਪਾਵਟੇ ਹਾਊਸ,
ਪੀ.ਏ.ਯੂ. ਕੈਂਪਸ,
ਲੁਧਿਆਣਾ (ਪੰਜਾਬ)

## ਪਾਠਕਾਂ ਲਈ ਸੂਚਨਾ

ਨਵੀਂ ਦਿੱਲੀ 'ਪਾਲਿਕਾ ਸਮਾਚਾਰ' ਹੁਣ ਨਵੇਂ ਕਲੇਵਰ ਅਤੇ ਬਹੁਰੰਗੀ ਰੂਪ ਵਿੱਚ ਆਪ ਦੇ ਸਨਮੁਖ ਪੇਸ਼ ਹੈ। ਕਵਿਤਾਵਾਂ, ਗ਼ਜ਼ਲਾਂ, ਗੀਤਾਂ, ਕਹਾਣੀਆਂ ਅਤੇ ਲੇਖ ਦੇ ਇਲਾਵਾ ਅਨੇਕਾਂ ਪ੍ਰਕਾਰ ਦੀ ਸਮੱਗਰੀ ਨਾਲ ਭਰਪੂਰ 'ਪਾਲਿਕਾ ਸਮਾਚਾਰ' ਦੇ ਗਾਹਕ ਬਣੋ। 'ਪਾਲਿਕਾ ਸਮਾਚਾਰ' (ਪੰਜਾਬੀ) ਦਾ ਚੰਦਾ ਹੁਣ ਇਸ ਪ੍ਰਕਾਰ ਹੈ :--

| | | |
|---|---|---|
| ਇਕ ਕਾਪੀ | : | 020 ਰੁਪਏ |
| ਸਾਲਾਨਾ | : | 100 ਰੁਪਏ |
| ਪੰਜ ਸਾਲਾਂ ਲਈ | : | 400 ਰੁਪਏ |

'ਪਾਲਿਕਾ ਸਮਾਚਾਰ' (ਪੰਜਾਬੀ) ਦਾ ਚੰਦਾ ਆਪ ਮਨੀਆਰਡਰ ਰਾਹੀਂ ਸਕੱਤਰ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ, ਕਮਰਾ ਨੰਬਰ 1209, ਬਾਰ੍ਹਵੀਂ ਮੰਜ਼ਿਲ, ਪਾਲਿਕਾ ਕੇਂਦਰ, ਸੰਸਦ ਮਾਰਗ, ਨਵੀਂ ਦਿੱਲੀ-110001 ਦੇ ਨਾਂ ਭੇਜ ਸਕਦੇ ਹੋ।

— *ਸੰਪਾਦਕ*

# ਚਾਰ ਮਿੰਨੀ ਕਹਾਣੀਆਂ

*ਮਨਪ੍ਰੀਤ ਕੌਰ ਭਾਟੀਆ*

## (i) ਸਲੂਕ

ਤਿੰਨਾਂ ਭਰਾਵਾਂ 'ਚ ਅੱਜ ਜ਼ਬਰਦਤ ਬਹਿਸ ਛਿੜ ਪਈ। "ਮੇਰਾ ਤਾਂ ਆਪਣਾ ਖ਼ਰਚਾ ਮਸਾਂ ਤੁਰਦਾ। ਮੈਂ ਇਨ੍ਹਾਂ ਨੂੰ ਰੋਟੀ ਕਿੱਥੋਂ ਖੁਆਵਾਂ?" ਵਿਚਕਾਰਲਾ ਮੁੰਡਾ ਗੁੱਸੇ 'ਚ ਅੱਜ ਬੁੱਢੇ ਮਾਂ-ਪਿਉ ਦੇ ਸਾਹਮਣੇ ਹੀ ਬੋਲ ਪਿਆ।

"ਕਿਉਂ ਨੀ ਖੁਆ ਸਕਦਾ? ਤੂੰ ਪੁੱਤ ਨੀ ਇਨ੍ਹਾਂ ਦਾ?"

"ਤੇ ਤੂੰ? ਤੂੰ ਕੀ ਏਂ? ਤੂੰ ਵੀ ਤਾਂ ਪੁੱਤ ਏਂ, ਤੂੰ ਰੱਖ ਲੈ ਆਪਣੇ ਨਾਲ।" ਵਿਚਕਾਰਲਾ ਛੋਟੇ ਨੂੰ ਟੁੱਟ ਕੇ ਪੈ ਗਿਆ।

"ਵੇ ਨਾ ਲੜੋ ਤੁਸੀਂ, ਰੱਬ ਦਾ ਵਾਸਤਾ ਜੇ। ਅਸੀਂ ਵੱਡੇ ਨਾਲ ਈ ਰਹੀ ਜਾਣੇ ਆਂ।" ਬੁੱਢੀ ਮਾਂ ਹੰਝੂ ਪੂੰਝਦੀ ਅਜੇ ਬੋਲੀ ਹੀ ਸੀ ਕਿ ਵੱਡਾ ਮੁੰਡਾ ਤੁਣਕ ਕੇ ਪਿਆ, "ਬੇਬੇ, ਮੈਂ ਕੀ ਕਰਾਂ? ਆਪ ਈ ਦੱਸੋ ਤੁਸੀਂ। ਥੋੜ੍ਹੀ ਜਿਹੀ ਤਨਖ਼ਾਹ 'ਚ ਆਪਣੀ ਪੂਰੀ ਨਹੀਂ ਪੈਂਦੀ, ਮੈਨੂੰ ਈ ਪਤਾ ਅਜੇ ਤੱਕ ਕਿਵੇਂ ਔਖਿਆਂ ਹੋ-ਹੋ ਸਮਾਂ ਕੱਢਿਆ ਮੈਂ। ਤੇ ਇਹ ਦੋਵੇਂ ਥੋੜ੍ਹੀ ਦੇਰ 'ਚ ਈ ਅੱਕ ਗਏ।"

"ਵੇ ਸ਼ਰਮ ਕਰੋ ਤੁਸੀਂ। ਅਸੀਂ ਸਾਰੀ ਉਮਰ ਥੁੜਾਂ 'ਚ ਈ ਥੋਨੂੰ ਪਾਲਿਆ। ਆਪਣੇ ਮੂੰਹ 'ਚੋਂ ਕੱਢ ਕੇ ਥੋਡੇ ਮੂੰਹ 'ਚ ਪਾਈ। ਖ਼ੂਨ-ਪਸੀਨੇ ਨਾਲ ਕੀਤੀ ਕਮਾਈ ਆਪ ਨੂੰ ਛੱਡ ਕੇ ਥੋਡੇ 'ਤੇ ਖ਼ਰਚੀ। ਤੁਹਾਡੀ ਖ਼ੁਸ਼ੀ ਪਹਿਲਾਂ ਦੇਖੀ। ਮਕਾਨ ਬਣਾ ਕੇ ਤੁਹਾਨੂੰ ਦੇ ਦਿੱਤਾ ਤੇ ਅੱਜ ਤੁਸੀਂ ਕਮਾਉਣ ਜੋਗੇ ਹੋਏ ਤਾਂ ਸਾਨੂੰ ਕੁੱਤੇ ਵਾਂਗ ਦੁਰਕਾਰ ਰਹੇ ਓ। ਲਾਹਨਤ ਐ ਥੋਡੇ ਵਰਗੀ ਔਲਾਦ 'ਤੇ। ਇਹਦੇ ਨਾਲੋਂ ਤਾਂ ਬੇਔਲਾਦ ਮਰ ਜਾਂਦੇ..." ਕਹਿੰਦੇ-ਕਹਿੰਦੇ ਬਾਪੂ ਨੂੰ ਇਕ ਦਮ ਸੀਨੇ 'ਚ ਜ਼ਬਰਦਸਤ ਦਰਦ ਉੱਠੀ। ਇਸ ਤੋਂ ਪਹਿਲਾਂ ਕਿ ਮੁੰਡੇ ਕੁਝ ਹੋਰ ਬੋਲਦੇ, ਉਹ ਉੱਥੇ ਈ ਢੇਰ ਹੋ ਗਿਆ।

ਬਾਪੂ ਜਾ ਚੁੱਕਾ ਸੀ। ਰੋਣ-ਧੋਣ, ਸਸਕਾਰ ਤੇ ਭੋਗ ਦੀਆਂ ਰਸਮਾਂ ਤੋਂ ਬਾਅਦ ਅੱਜ ਜਦ ਸਭ ਵਿਹਲੇ ਹੋ ਕੇ ਆਏ ਤਾਂ ਵਿਹੜੇ 'ਚ ਬੈਠੀ ਮਾਂ ਦੀਆਂ ਜਿਉਂ ਹੀ ਬੱਚਿਆਂ ਨਾਲ ਅੱਖਾਂ ਮਿਲੀਆਂ ਉਹ ਇਕਦਮ ਉੱਠੀ ਤੇ ਆਪਣਾ ਝੋਲਾ ਚੁੱਕੀ ਬਿਨਾਂ ਕੁਝ ਬੋਲੇ ਬੂਹਿਓਂ ਬਾਹਰ ਹੋ ਗਈ।

## (ii) ਸਤਿਕਾਰ

"ਓਏ, ਆਹ ਐਸ ਵੇਲੇ ਨਾਲ਼ੀ 'ਚ ਕੌਣ ਡਿੱਗਿਆ ਪਿਐ?"

"ਕੋਈ ਸ਼ਰਾਬੀ ਲੱਗਦੈ।"

"ਚੱਲ ਬੰਤਿਆ ਦੇਖੀਏ।"

"ਓਏ ਰਾਮਿਆ, ਆਹ ਤਾਂ ਆਪਣੇ ਪਿੰਡ ਦੇ ਸਰਪੰਚ ਦਾ ਮੁੰਡਾ ਲੱਗਦੈ।"

"ਆਹੋ ਬੰਤਿਆ ਉਹੀ ਏ, ਚੱਲ ਛੱਡ ਆਈਏ ਇਹਨੂੰ ਘਰੇ।"

"ਰਹਿਣ ਦੇ ਰਾਮਿਆ, ਜੇ ਕਿਧਰੇ ਰਾਹ 'ਚ ਮਰ ਗਿਆ ਤਾਂ ਇਲਜ਼ਾਮ ਆਪਣੇ 'ਤੇ ਆਊ।"

"ਚੱਲ ਤੇਰੀ ਮਰਜ਼ੀ ਯਾਰ।"

"ਓਏ ਤੈਨੂੰ ਯਾਦ ਏ ਬੰਤਿਆ, ਜਦ ਇਹ ਪੀਂਦਾ ਨੀ ਸੀ ਹੁੰਦਾ ਤਾਂ ਤੂੰ ਇਹਦੀ ਠਾਠ ਵੇਖ ਕੇ ਇਹਦੇ ਨਾਲ ਗੱਲ ਕਰਨ ਦਾ ਮੌਕਾ ਭਾਲਦਾ ਸੀ ਤੇ ਅੱਜ ਇਹਨੂੰ ਛੱਡਣ ਲਈ ਵੀ..."

"ਓਏ ਰਾਮਿਆ, ਉਹ ਵੇਲਾ ਹੋਰ ਸੀ। ਹੁਣ ਤਾਂ ਇਹਨੂੰ ਕੁੱਤਾ ਵੀ ਮੂੰਹ ਨਾ ਮਾਰੇ।" ਉਹਦੇ ਮੂੰਹੋਂ ਇਹ ਸੁਣ ਰਾਮੇ ਨੂੰ ਵੀ ਉਹਦੇ ਕੋਲ ਹੋਰ ਖਲੋਣਾ ਅਪਮਾਨਿਤ ਜਿਹਾ ਲੱਗਾ ਤੇ ਉਹ ਛੇਤੀ ਨਾਲ ਅੱਗੇ ਹੋ ਤੁਰਿਆ।

## (iii) ਅਹਿਸਾਸ

ਮੇਰੀ ਇਕ ਬਾਂਹ ਤਾਂ ਪਹਿਲਾਂ ਤੋਂ ਹੀ ਨਕਾਰਾ ਸੀ ਤੇ ਅੱਜ ਤੋਂ ਕੁਝ ਦਿਨ ਪਹਿਲਾਂ ਮੈਂ ਅਚਾਨਕ ਵਿਹੜੇ 'ਚ ਧੜਾਕ ਦੇਣੀ ਡਿੱਗ ਪਈ ਤੇ ਮੇਰੀ ਦੂਜੀ ਬਾਂਹ ਦੀ ਹੱਡੀ ਵੀ ਟੁੱਟ ਗਈ। ਮੈਨੂੰ ਡਾਕਟਰ ਕੋਲ ਲੈ ਕੇ ਗਏ। ਬਹੁਤ ਦਰਦ ਹੋਇਆ। ਡਾਕਟਰ ਨੇ ਪਲੱਸਤਰ ਲਗਾ ਦਿੱਤਾ। ਤੇ ਮੈਂ...ਮੈਂ...ਤਾਂ ਹਰ ਪਾਸਿਓਂ ਅਸਮਰੱਥ ਹੋ ਗਈ। ਨਾ ਤਾਂ ਖ਼ੁਦ ਨਹਾ ਸਕਦੀ ਸੀ। ਨਾ ਰੋਟੀ ਖਾ ਸਕਦੀ ਤੇ ਇੱਥੋਂ ਤੱਕ ਕਿ ਲੈਟਰੀਨ ਵੀ ਨਹੀਂ ਸੀ...।

ਧੀਆਂ ਆਈਆਂ, ਆਪਣੇ ਘਰਾਂ ਦੀ ਜ਼ਿੰਮੇਵਾਰੀ ਬਾਰੇ ਦੱਸਦੀਆਂ ਹਾਲ ਪੁੱਛ ਕੇ ਚਲੀਆਂ ਗਈਆਂ। ਨੂੰਹ ਸੁਵੱਖਤੇ ਉੱਠਦੀ, ਮੇਰੀਆਂ ਛੋਟੀਆਂ-ਛੋਟੀਆਂ ਦੋਵੇਂ ਪੋਤੀਆਂ ਨੂੰ ਨੁਹਾ ਕੇ

ਫਿਰ ਮੈਨੂੰ ਨੁਹਾਉਂਦੀ, ਮੇਰੇ ਕੱਪੜੇ ਪਾਉਂਦੀ, ਵਾਲ ਵਾਹੁੰਦੀ ਤੇ ਫਿਰ ਰੋਟੀ ਬਣਾ ਕੇ ਖੁਆਉਂਦੀ ਤੇ ਮਗਰੋਂ ਘਰ ਦੇ ਹੋਰ ਕੰਮਾਂ-ਕਾਰਾਂ 'ਚ ਰੁੱਝ ਜਾਂਦੀ।

ਅੱਜ ਵੀ ਰਾਤ ਨੂੰ ਕੰਮ ਤੋਂ ਥੱਕੀ-ਟੁੱਟੀ ਨੂੰਹ ਪਲੇਟ ਲੈ ਮੇਰੇ ਮੂਹਰੇ ਬਹਿ ਗਈ ਤੇ ਮੇਰੇ ਮੂੰਹ ਵਿੱਚ ਇਕ-ਇਕ ਬੁਰਕੀ ਪਾਉਣ ਲੱਗੀ। ਉਸ ਨੂੰ ਇੰਝ ਕਰਦਿਆਂ ਦੇਖ ਮੇਰੀਆਂ ਅੱਖਾਂ ਭਿੱਜ ਗਈਆਂ। ਇਸ ਤੋਂ ਪਹਿਲਾਂ ਕਿ ਨੂੰਹ ਦੇਖਦੀ, ਮੈਂ ਆਪਣਾ ਮੂੰਹ ਛੁਪਾ ਲਿਆ। ਰੋਟੀ ਖੁਆ ਕੇ ਉਹ ਰੋਜ਼ ਵਾਂਗ ਭਾਂਡੇ ਮਾਂਜਣ ਦੇ ਆਹਰ ਲੱਗ ਗਈ।

ਮੇਰੀ ਆਤਮਾ ਮੈਨੂੰ ਲਾਹਨਤਾਂ ਪਾਉਣ ਲੱਗੀ, 'ਇਹੀ ਸੀ ਜਦ ਨਵੀਂ ਵਿਆਹੀ ਆਈ ਸੀ, ਮੈਂ ਸਾਰਾ ਦਿਨ ਲੱਠ ਲੈ ਕੇ ਇਸ ਦੇ ਮਗਰ ਪਈ ਰਹਿੰਦੀ। ਇਸ ਦੀ ਹਰ ਛੋਟੀ-ਵੱਡੀ ਗ਼ਲਤੀ ਲਈ ਮੈਂ ਇਸ ਨੂੰ ਖ਼ੂਬ ਝਿੜਕਦੀ। ਜਿਹੜਾ ਘਰੇ ਆਉਂਦਾ ਉਸ ਅੱਗੇ ਇਸ ਦੀ ਰੱਜ ਕੇ ਬੁਰਾਈ ਕਰਦੀ। ਇਸ ਦੇ ਹਰ ਕੰਮ ਵਿੱਚ ਨੁਕਸ ਕੱਢ ਕੇ ਪਤੀ ਤੇ ਪੁੱਤ ਦੇ ਕੰਨ ਭਰਦੀ। ਤੇ ਮੈਂ...ਮੈਂ ਤਾਂ ਨੂੰਹ-ਪੁੱਤ ਦਰਮਿਆਨ ਏਨੀਆਂ ਦੂਰੀਆਂ ਵਧਾ ਦਿੱਤੀਆਂ ਕਿ ਮੇਰਾ ਪੁੱਤ ਇਸ ਤੋਂ ਅੱਡ ਹੋਣ ਲਈ ਤਿਆਰ ਹੋਇਆ ਬੈਠਾ ਸੀ। ਪਰ ਰੱਬ ਨੂੰ ਇਹ ਸਭ ਮਨਜ਼ੂਰ ਨਹੀਂ ਸੀ।' ਤੇ ਫਿਰ...ਇਸ ਦੀਆਂ ਧੀਆਂ ਹੋਣ 'ਤੇ ਵੀ ਮੈਂ ਤਾਹਨੇ ਮਾਰ-ਮਾਰ ਇਸ ਨੂੰ ਨਿੱਤ ਰੁਆਇਆ। ਜਦ ਵੀ ਮੈਂ ਇਸ ਨਾਲ ਲੜਦੀ ਇਸ ਨੂੰ ਹਮੇਸ਼ਾਂ ਕਹਿੰਦੀ, "ਜਦੋਂ ਤੂੰ ਮਰੇਂਗੀ, ਮੇਰੇ ਗਲੋਂ ਲੱਥੇਂਗੀ ਤਾਂ ਮੈਂ ਪ੍ਰਸ਼ਾਦ ਕਰਵਾਂਗੀ...ਪ੍ਰਸ਼ਾਦ।"

'ਤੇ ਅੱਜ...ਮੇਰੀ ਉਹੋ ਨੂੰਹ ਬੱਚਿਆਂ ਵਾਂਗ ਮੇਰੀ ਲੈਟਰੀਨ ਵੀ ਧੋਂਦੀ ਏ, ਜ਼ਰਾ ਨੱਕ-ਮੂੰਹ ਨਹੀਂ ਚੜ੍ਹਾਉਂਦੀ ਤੇ ਮੈਂ...ਮੈਂ...ਇਸ ਨਾਲ ਨਜ਼ਰਾਂ ਵੀ ਨਹੀਂ ਮਿਲਾ ਪਾਉਂਦੀ।'

'ਜੇ...ਜੇ...ਮੈਂ ਧੀ ਦੀ ਵੀ ਇੰਨੀ ਦੁਰਗਤ ਕੀਤੀ ਹੁੰਦੀ ਤਾਂ ਉਹ ਵੀ ਮੇਰੇ ਤੋਂ ਪਾਸਾ ਵੱਟ ਜਾਂਦੀ। ਪਰ ਇਹ, ਮੇਰੀ ਨੂੰਹ...। ਨਹੀਂ...ਨਹੀਂ...ਨੂੰਹਾਂ ਬੇਗਾਨੀਆਂ ਨੀ ਹੁੰਦੀਆਂ। ਉਹ ਤਾਂ ਪੁੱਤਾਂ ਤੋਂ ਵੀ ਵੱਧ ਆਪਣੀਆਂ ਬਣ ਜਾਂਦੀਆਂ ਨੇ...ਬਸ ਉਹਨਾਂ ਨੂੰ ਆਪਣਾ ਬਣਾਉਣ ਦੀ ਲੋੜ ਹੁੰਦੀ ਏ। ਉਹ ਪਰਾਈਆਂ ਬਿਲਕੁਲ ਨਹੀਂ ਹੁੰਦੀਆਂ।' ਤੇ ਅੱਜ ਇਸ ਗੱਲ ਦਾ ਅਹਿਸਾਸ ਮੈਨੂੰ ਧੁਰ ਅੰਦਰ ਤੱਕ ਹੋ ਚੁੱਕਾ ਸੀ।

## (iv) ਸਟੈਂਡਰਡ

ਆਰਤੀ ਨੂੰ ਦੇਖਣ ਆਇਆ ਹਰ ਮੁੰਡਾ ਉਸ ਨੂੰ ਕਾਲੀ ਹੋਣ ਕਾਰਨ ਨਾਪਸੰਦ ਕਰ ਜਾਂਦਾ। ਅੱਜ ਵੀ ਇਕ ਮੁੰਡੇ ਵਾਲੇ ਆਰਤੀ ਨੂੰ ਦੇਖਣ ਆਏ। "ਭੈਣ ਜੀ, ਕੁੜੀ ਸਾਨੂੰ ਪਸੰਦ ਏ" ਮੁੰਡੇ ਦੀ ਮਾਂ ਦੇ ਮੂੰਹੋਂ ਇਹ ਸ਼ਬਦ ਸੁਣਦੇ ਹੀ ਆਰਤੀ ਦੇ ਮਾਂ-ਬਾਪ ਦੇ ਚਿਹਰੇ 'ਤੇ ਖ਼ੁਸ਼ੀ ਛਾ ਗਈ।

"ਪਰ ਮਾਂ, ਮੈਨੂੰ ਮੁੰਡਾ ਪਸੰਦ ਨਹੀਂ, ਆਰਤੀ ਨੇ ਮਾਂ ਨੂੰ ਦੂਜੇ ਕਮਰੇ ਵਿੱਚ ਬੁਲਾਉਂਦਿਆਂ ਕਿਹਾ।

"ਪਰ ਕਿਉਂ ਧੀਏ ?"

"ਮਾਂ, ਉਹ ਸੋਹਣਾ ਨੀ, ਕੱਲ੍ਹ ਨੂੰ ਮੈਂ ਉਹਦੇ ਨਾਲ ਕਿਧਰੇ ਜਾਵਾਂਗੀ ਤਾਂ ਲੋਕ ਕੀ ਕਹਿਣਗੇ, ਆਖ਼ਿਰ ਮੇਰਾ ਵੀ ਕੋਈ ਸਟੈਂਡਰਡ ਹੈ।" ਮਾਂ ਧੀ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਹੈਰਾਨ ਜਿਹੀ ਹੋ ਗਈ, ਉਹ ਸਮਝ ਨਹੀਂ ਪਾ ਰਹੀ ਸੀ ਕਿ ਨਾਂਹ ਕਰਨ 'ਤੇ ਦੋਹਾਂ ਵਿੱਚੋਂ ਵਧੇਰੇ ਸਟੈਂਡਰਡ ਕਿਸ ਦਾ ਹੋਵੇਗਾ।

*42, ਗਲੀ ਨੰ. 2, ਕੁੰਦਨ ਨਗਰ ਐਕਸ.-2,*
*ਫ਼ਿਰੋਜ਼ਪੁਰ ਸ਼ਹਿਰ (ਪੰਜਾਬ)*

iii

## ਗ਼ਜ਼ਲ

ਵਕਤ ਸਾਜ਼ਗਾਰ ਨਹੀਂ ਅਜੇ ਮੇਰੇ ਲਈ।
ਮੌਸਮ ਖ਼ੁਸ਼ਗਵਾਰ ਨਹੀਂ ਅਜੇ ਮੇਰੇ ਲਈ।

ਖ਼ਿਜ਼ਾਂ ਨੂੰ ਗਲੇ ਲਗਾ ਲਿਆ ਹੈ,
ਕਿਉਂਕਿ ਬਹਾਰ ਨਹੀਂ ਅਜੇ ਮੇਰੇ ਲਈ।

ਗ਼ਮਾਂ ਦੇ ਭਾਰ ਨਾਲ ਮਰ ਜਾਵਾਂ ਮੈਂ,
ਕੋਈ ਗ਼ਮਖ਼ਾਰ ਨਹੀਂ ਅਜੇ ਮੇਰੇ ਲਈ।

ਹਰ ਬਸ਼ਰ ਦਿਲਦਾਰ ਨਾਲ ਖ਼ੁਸ਼ ਹੈ,
ਕੋਈ ਦਿਲਦਾਰ ਨਹੀਂ ਅਜੇ ਮੇਰੇ ਲਈ।

ਜਿੱਥੋਂ ਵਸਲ ਮੈਨੂੰ ਮਿਲ ਸਕਦਾ 'ਸਾਜਨ',
ਐਸਾ ਬਾਜ਼ਾਰ ਨਹੀਂ ਅਜੇ ਮੇਰੇ ਲਈ।

ਮੈਖ਼ਾਨਾ ਤਾਂ ਕੇਵਲ ਰਕੀਬਾਂ ਲਈ ਹੈ,
ਪੈਮਾਨਾ ਤਿਆਰ ਨਹੀਂ ਅਜੇ ਮੇਰੇ ਲਈ।

ਮੇਰੇ ਹਨੇਰਿਆਂ ਨੂੰ ਚਾਨਣ ਕਿਸ ਦੇਣਾ ਹੈ,
ਕੋਈ ਰੌਸ਼ਨ ਮੀਨਾਰ ਨਹੀਂ ਅਜੇ ਮੇਰੇ ਲਈ।

ਫੁੱਲਾਂ ਦੀ ਤਾਂ ਐਵੇਂ ਮੈਨੂੰ ਤ੍ਰਿਸ਼ਨਾ ਹੈ,
ਇਕ ਵੀ ਖ਼ਾਰ ਨਹੀਂ ਅਜੇ ਮੇਰੇ ਲਈ।

—o—

ਬੱਚਿਆਂ ਲਈ ਕਹਾਣੀ

# ਕੰਮ ਦੀ ਕਦਰ

ਹਰਿੰਦਰ ਸਿੰਘ ਗੋਗਨਾ

ਨਵੀ ਵਿੱਚ ਇਕ ਖ਼ੂਬੀ ਸੀ। ਉਹ ਬੜਾ ਸਫ਼ਾਈ ਪਸੰਦ ਸੀ। ਆਪਣੇ ਸਰੀਰ ਦੀ ਸਫ਼ਾਈ ਤੋਂ ਇਲਾਵਾ ਉਹ ਘਰ-ਬਾਹਰ ਵੀ ਸਫ਼ਾਈ ਵਗੈਰਾ ਦਾ ਖ਼ਾਸ ਧਿਆਨ ਰੱਖਦਾ ਸੀ। ਉਸ ਦੀ ਇਹ ਆਦਤ ਉਸ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਬਹੁਤ ਪਸੰਦ ਸੀ।

ਐਤਵਾਰ ਦੀ ਛੁੱਟੀ ਹੁੰਦੀ ਜਾਂ ਫਿਰ ਕੋਈ ਵੀ ਸਰਕਾਰੀ ਛੁੱਟੀ, ਉਸ ਦਿਨ ਨਵੀ ਸਵੇਰੇ-ਸਵੇਰੇ ਆਪਣੀ ਮੰਮੀ ਨਾਲ ਘਰ ਦੀ ਸਫ਼ਾਈ ਵਿੱਚ ਹੱਥ ਵਟਾਉਂਦਾ, ਤੇ ਫਿਰ ਸਾਰਾ ਕੂੜਾ-ਕਰਕਟ ਇਕ ਟੋਕਰੀ ਵਿੱਚ ਪਾ ਕੇ ਕੂੜੇ ਦੇ ਢੇਰ 'ਤੇ ਸੁੱਟ ਆਉਂਦਾ। ਅਜਿਹੇ ਕੰਮ ਕਰਕੇ ਨਵੀ ਨੂੰ ਬੜਾ ਸਕੂਨ ਮਿਲਦਾ ਸੀ।

ਨਵੀ ਦਾ ਕਲਾਸ ਸਹਿਪਾਠੀ ਆਇਰਨ ਜੋ ਕਿ ਨਵੀ ਦੇ ਘਰ ਦੇ ਕੋਲ ਹੀ ਰਹਿੰਦਾ ਸੀ, ਅਕਸਰ ਮੁਹੱਲੇ ਦੇ ਕੁਝ ਲੋਫ਼ਰ ਲੜਕਿਆਂ ਨਾਲ ਗਲੀ ਦੇ ਮੋੜ 'ਤੇ ਖੜ੍ਹਾ ਗੱਪਾਂ ਮਾਰਦਾ ਰਹਿੰਦਾ ਸੀ। ਜਦ ਕਦੇ ਉਹ ਨਵੀ ਨੂੰ ਟੋਕਰੀ ਲਈ ਕੂੜੇ ਦੇ ਢੇਰ ਵੱਲ ਜਾਂਦੇ ਦੇਖਦਾ ਤਾਂ ਵਿਅੰਗ ਕਰਦਾ, "ਬਈ ਆਪਣੇ ਮੁਹੱਲੇ ਦਾ ਸਫ਼ਾਈ ਸੇਵਕ ਆ ਗਿਆ...।"

ਆਇਰਨ ਦੇ ਦੋਸਤ ਠਹਾਕਾ ਮਾਰ ਕੇ ਹੱਸਦੇ ਪਰ ਨਵੀ ਉਹਨਾਂ ਦੀ ਕਿਸੇ ਹਰਕਤ ਵੱਲ ਕੋਈ ਧਿਆਨ ਨਾ ਦਿੰਦਾ।

ਨਵੀ ਨੇ ਕਈ ਵਾਰ ਸਕੂਲ ਦੀ ਰਿਸੈਸ ਵੇਲੇ ਆਇਰਨ ਨੂੰ ਰੇੜ੍ਹੀਆਂ ਤੋਂ ਗੰਦੀਆਂ-ਮੰਦੀਆਂ ਚੀਜ਼ਾਂ ਖਾਣ ਤੋਂ ਪਰਹੇਜ਼ ਕਰਨ ਲਈ ਆਖਿਆ ਸੀ, ਜਿਸ ਕਾਰਨ ਆਇਰਨ ਸਮਝਦਾ ਸੀ ਕਿ ਨਵੀ ਉਸ ਦੇ ਐਸ਼ੋ-ਆਰਾਮ ਤੋਂ ਸੜਦਾ ਹੈ।

ਇਕ ਵਾਰੀ ਸਕੂਲ ਦੇ ਬੱਚਿਆਂ ਨੇ ਟੂਰ ਪ੍ਰੋਗਰਾਮ 'ਤੇ ਚੰਡੀਗੜ੍ਹ ਜਾਣਾ ਸੀ। ਸਾਰੇ ਬੱਚਿਆਂ ਨੇ ਆਪਣੇ-ਆਪਣੇ ਪੈਸੇ ਵੀ ਕਲਾਸ ਇੰਚਾਰਜ ਕੋਲ ਜਮ੍ਹਾਂ ਕਰਵਾ ਦਿੱਤੇ ਸਨ। ਅਗਲੇ ਦਿਨ ਨਵੀ ਤਿਆਰ ਹੋ ਕੇ ਜਿਵੇਂ ਹੀ ਆਇਰਨ ਦੇ ਘਰ ਮੂਹਰਦੀ ਲੰਘਣ ਲੱਗਾ ਤਾਂ ਉਸ ਨੇ ਸੋਚਿਆ ਕਿ ਆਇਰਨ ਨੂੰ ਵੀ ਨਾਲ ਲੈ ਚੱਲਦਾ ਹਾਂ।

"ਆਂਟੀ ਜੀ, ਆਇਰਨ ਕਿੱਥੇ ਹੈ ?...ਅੱਜ ਅਸੀਂ ਸਕੂਲ ਵੱਲੋਂ ਟੂਰ 'ਤੇ ਜਾਣਾ ਹੈ...।" ਨਵੀ ਨੇ ਵਿਹੜੇ 'ਚ ਕੱਪੜੇ ਸੁੱਕਣੇ ਪਾਉਂਦੇ ਆਇਰਨ ਦੇ ਮੰਮੀ ਨੂੰ ਕਿਹਾ।

"ਬੇਟਾ, ਆਇਰਨ ਤਾਂ ਰਾਤ ਦਾ ਬਿਮਾਰ ਹੈ। ਹੁਣੇ-ਹੁਣੇ ਡਾਕਟਰ ਕੋਲੋਂ ਦੁਬਾਰਾ ਦਵਾਈ ਲੈ ਕੇ ਆਈ ਹਾਂ।" ਆਇਰਨ ਦੇ ਮੰਮੀ ਨੇ ਕਿਹਾ।

ਨਵੀ ਨੇ ਦੇਖਿਆ ਕਿ ਆਇਰਨ ਅੰਦਰ ਇਕ ਕਮਰੇ ਵਿੱਚ ਬਿਸਤਰ 'ਤੇ ਲੇਟਿਆ ਪਿਆ ਸੀ ਤੇ ਉਸ ਦੇ ਮੱਥੇ 'ਤੇ ਗਿੱਲੀ ਪੱਟੀ ਰੱਖੀ ਹੋਈ ਸੀ। ਨਵੀ ਨੇ ਇਹ ਵੀ ਦੇਖਿਆ ਕਿ ਜਿਸ ਕਮਰੇ ਵਿੱਚ ਆਇਰਨ ਪਿਆ ਸੀ, ਉਹ ਕਾਫ਼ੀ ਬਦਬੂਦਾਰ ਸੀ। ਫ਼ਰਸ਼ 'ਤੇ ਕਾਫ਼ੀ ਮੱਖੀਆਂ ਬੈਠੀਆਂ ਸਨ ਤੇ ਕਮਰੇ ਦੀ ਇਕੋ-ਇਕ ਤਾਕੀ ਵੀ ਬੰਦ ਪਈ ਸੀ। ਆਇਰਨ ਦਾ ਪੀਣ ਵਾਲਾ ਪਾਣੀ ਵੀ ਢੱਕਿਆ ਹੋਇਆ ਨਹੀਂ ਸੀ। ਨਵੀ ਨੂੰ ਸਮਝਦੇ ਦੇਰ ਨਾ ਲੱਗੀ ਕਿ ਆਇਰਨ ਦੀ ਬਿਮਾਰੀ ਦਾ ਕਾਰਨ ਕੀ ਹੈ ? ਉਸ ਨੇ ਪਹਿਲਾਂ ਤਾਂ ਆਇਰਨ ਦੇ ਕੋਲ ਬਹਿ ਕੇ ਉਸ ਦਾ ਹਾਲ-ਚਾਲ ਪੁੱਛਿਆ ਫਿਰ ਕਮਰੇ ਦੀ ਤਾਕੀ ਖੋਲ੍ਹ ਦਿੱਤੀ ਤਾਂ ਜੋ ਤਾਜ਼ੀ ਹਵਾ ਅੰਦਰ ਆ ਸਕੇ। ਫਿਰ ਆਇਰਨ ਦੇ ਮੰਮੀ ਨੂੰ ਬੋਲਿਆ, "ਆਂਟੀ ਜੀ, ਇਕ ਬੇਨਤੀ ਹੈ ਕਿ ਆਇਰਨ ਨੂੰ ਪੀਣ ਵਾਲਾ ਪਾਣੀ ਉਬਾਲ ਕੇ ਦਿਓ ਤੇ ਫ਼ਰਸ਼ 'ਤੇ ਡਿਟੋਲ ਵਾਲੇ ਪਾਣੀ ਦਾ ਪੋਚਾ ਲਗਾ ਦਿਓ। ਕਮਰੇ ਵਿੱਚ ਸਫ਼ਾਈ ਰਹੇਗੀ ਤਾਂ ਅੱਧੀ ਬਿਮਾਰੀ ਤਾਂ ਏਦਾਂ ਹੀ ਨੱਠ ਜਾਵੇਗੀ। ਨਾਲੇ ਹਾਂ, ਇਸ ਕਮਰੇ ਨੂੰ ਜਿੰਨਾ ਹਵਾਦਾਰ ਰੱਖੋਗੇ, ਓਨਾ ਹੀ ਚੰਗਾ ਹੈ। ਤਾਜ਼ੀ ਹਵਾ ਮਿਲਣ ਨਾਲ ਤਨ ਅਤੇ ਮਨ ਦੋਵੇਂ ਤੰਦਰੁਸਤ ਰਹਿੰਦੇ ਹਨ। ਬਿਮਾਰੀ ਦਾ ਕਾਰਨ ਹੀ ਇਹ ਹੁੰਦਾ ਹੈ ਕਿ ਕਈ ਵਾਰੀ ਅਸੀਂ ਆਪਣੇ ਆਲੇ-ਦੁਆਲੇ ਦਾ ਵਾਤਾਵਰਣ ਸਾਫ਼ ਨਹੀਂ ਰੱਖਦੇ ਜਿਸ ਕਾਰਨ ਕਈ ਤਰ੍ਹਾਂ ਦੇ ਰੋਗ ਪੈਦਾ ਹੁੰਦੇ ਹਨ।"

"ਤੂੰ ਤਾਂ ਬੜਾ ਸਿਆਣਾ ਹੈਂ ਬੇਟਾ...ਡਾਕਟਰ ਸਾਹਿਬ ਵੀ ਤੇਰੇ ਵਾਲੀਆਂ ਗੱਲਾਂ ਹੀ ਸਮਝਾ ਰਹੇ ਸਨ। ਮੈਂ ਹੁਣੇ ਇਹ ਸਭ ਕੁਝ ਕਰਦੀ ਹਾਂ...।" ਆਇਰਨ ਦੇ ਮੰਮੀ ਨੇ ਨਵੀ ਵੱਲ ਅਪਣੱਤ ਭਰੀ ਨਜ਼ਰ ਨਾਲ ਦੇਖਦੇ ਹੋਏ ਕਿਹਾ ਤੇ ਫਿਰ ਰਸੋਈ ਵਿੱਚ ਪਾਣੀ ਉਬਾਲਣ ਚਲੇ ਗਏ।

ਬਿਸਤਰ 'ਤੇ ਲੇਟੇ ਆਇਰਨ ਨੇ ਨਵੀ ਨੂੰ ਕੋਲ ਬੁਲਾ ਕੇ

ਕਿਹਾ, "ਯਾਰ ਨਵੀ ਮੈਨੂੰ ਮੁਆਫ਼ ਕਰ ਦੇ, ਮੈਂ ਤੈਨੂੰ ਹਮੇਸ਼ਾਂ ਗ਼ਲਤ ਸਮਝਿਆ ਤੇ ਤੇਰੀ ਚੰਗੀ ਸੋਚ ਦਾ ਮਜ਼ਾਕ ਉਡਾਇਆ। ਮੈਂ ਤੈਨੂੰ ਸਮਝ ਨਾ ਸਕਿਆ। ਮੈਂ ਬੜਾ ਸ਼ਰਮਿੰਦਾ ਹਾਂ...।"

ਨਵੀ ਨੇ ਮੁਸਕਰਾ ਕੇ ਆਇਰਨ ਦਾ ਹੱਥ ਆਪਣੇ ਹੱਥ ਵਿੱਚ ਘੁੱਟ ਲਿਆ ਤੇ ਕਿਹਾ, "ਜਲਦੀ ਠੀਕ ਹੋ ਕੇ ਵਿਖਾ, ਫਿਰ ਹੀ ਮੁਆਫ਼ ਕਰਾਂਗਾ...।" ਇਹ ਸੁਣ ਕੇ ਆਇਰਨ ਦੇ ਚਿਹਰੇ 'ਤੇ ਵੀ ਹਲਕੀ ਜਿਹੀ ਮੁਸਕਾਨ ਬਿਖਰ ਗਈ।

ਕੁਝ ਦਿਨਾਂ ਬਾਅਦ ਸਕੂਲ ਦਾ ਐੱਨ.ਐੱਸ.ਐੱਸ. ਯੂਨਿਟ ਦਾ ਦਸ ਰੋਜ਼ਾ ਕੈਂਪ ਲੱਗਾ। ਕੈਂਪ ਵਿੱਚ ਵਧੀਆ ਖਿਡਾਰੀ, ਵਧੀਆ ਅਨੁਸ਼ਾਸਨ ਤੇ ਵਧੀਆ ਸਫ਼ਾਈ ਰੱਖਣ ਵਾਲਾ ਬੱਚਾ ਚੁਣਿਆ ਜਾਣਾ ਸੀ। ਸਭ ਤੋਂ ਬਾਅਦ ਜਦੋਂ ਸਫ਼ਾਈ ਰੱਖਣ ਵਾਲਾ ਬੱਚਾ ਇਨਾਮ ਲਈ ਚੁਣਿਆ ਗਿਆ ਤਾਂ ਉਹ ਸੀ ਆਇਰਨ। ਇਹ ਵੇਖ ਕੇ ਨਵੀ ਨੂੰ ਬੜੀ ਹੈਰਾਨੀ ਹੋਈ।

"ਇਨਾਮ ਦਾ ਅਸਲੀ ਹੱਕਦਾਰ ਤਾਂ ਮੇਰਾ ਦੋਸਤ ਨਵੀ ਹੈ ਸਰ! ਇਸ ਦੀ ਸਫ਼ਾਈ ਪ੍ਰਤੀ ਸੱਚੀ ਭਾਵਨਾ ਵੇਖ ਕੇ ਹੀ ਮੇਰੇ ਅੰਦਰ ਇਹ ਭਾਵਨਾ ਪੈਦਾ ਹੋਈ। ਮੈਨੂੰ ਅਹਿਸਾਸ ਹੋਇਆ ਕਿ ਕਿਸੇ ਕੰਮ ਨਾਲ ਆਦਮੀ ਛੋਟਾ, ਵੱਡਾ ਨਹੀਂ ਬਣਦਾ, ਸਗੋਂ ਕੰਮ ਨਾਲ ਹੀ ਮਨੁੱਖ ਦੀ ਕਦਰ ਪੈਂਦੀ ਹੈ।" ਅਧਿਆਪਕ ਜੀ ਆਇਰਨ ਦੀ ਗੱਲ ਸੁਣ ਕੇ ਗਦ-ਗਦ ਹੋ ਉੱਠੇ ਤੇ ਉਨ੍ਹਾਂ ਨੇ ਨਵੀ ਨੂੰ ਵੀ ਇਕ ਇਨਾਮ ਦੇ ਕੇ ਸਨਮਾਨਿਤ ਕੀਤਾ। ਵਾਤਾਵਰਣ ਵਿੱਚ ਤਾੜੀਆਂ ਦੀ ਗੂੰਜ ਸੀ।

*ਅਕਾਊਂਟਸ ਬਰਾਂਚ-I,*
*ਪੰਜਾਬੀ ਯੂਨੀਵਰਸਿਟੀ,*
*ਪਟਿਆਲਾ, ਪੰਜਾਬ*

ਲੇਖਕਾਂ/ਪਾਠਕਾਂ ਪਾਸ ਬੇਨਤੀ ਹੈ ਕਿ ਅਗਰ ਆਪ ਜੀ ਦੇ ਪਤੇ ਵਿੱਚ ਕੋਈ ਤਬਦੀਲੀ ਹੋ ਗਈ ਹੋਵੇ ਤਾਂ ਪੱਤਰ ਦੁਆਰਾ ਜਲਦੀ ਸੂਚਿਤ ਕਰਨ ਦੀ ਕਿਰਪਾ ਕਰੋ।

--ਸੰਪਾਦਕ

## *ਬਰਸੀ ਤੇ ਵਿਸ਼ੇਸ਼ (ਫੇਰ ਤੇਰੀ ਯਾਦ ਆਈ)*

### (i) ਇਬਾਦਤ

**ਇਮਰੋਜ਼**

ਪਿਆਰ ਸਭ ਤੋਂ ਸਰਲ --
ਇਬਾਦਤ ਹੈ
ਵਗਦੇ ਪਾਣੀ ਵਰਗੀ...
ਨਾ ਕਿਸੇ ਸ਼ਬਦ ਦੀ ਲੋੜ
ਨਾ ਕਿਸੇ ਜ਼ਬਾਨ ਦੀ ਮੁਹਤਾਜੀ
ਨਾ ਕਿਸੇ ਵੇਲੇ ਦੀ ਪਾਬੰਦੀ
ਤੇ ਨਾ ਹੀ ਕੋਈ ਮਜਬੂਰੀ --
ਕਿਸੇ ਨੂੰ ਸਿਰ ਨਿਵਾਣ ਦੀ...
ਪਿਆਰ ਨਾਲ ਜ਼ਿੰਦਗੀ ਜਿਊਂਦਿਆਂ
ਇਹ ਇਬਾਦਤ ਆਪਣੇ ਆਪ --
ਹਰ ਵੇਲੇ ਹੁੰਦੀ ਵੀ ਰਹਿੰਦੀ ਹੈ
ਤੇ ਪਹੁੰਚ ਵਾਲੀ ਥਾਂ ਤੇ
ਪਹੁੰਚਦੀ ਵੀ...



### (ii) ਮਹਿਕ

ਤੂੰ ਇਕ ਰੁੱਖ --
ਜੋ ਜ਼ਿੰਦਗੀ ਦੇ
ਹਰ ਮੌਸਮ ਵਿੱਚ
ਤੇ ਹਰ ਰੰਗ ਵਿੱਚ
ਫੁੱਲਦਾ ਰਿਹਾ ਫਲਦਾ ਰਿਹਾ
ਤੇ ਜਿਸ ਦੀ ਮਹਿਕ
ਅੱਖਰ ਅੱਖਰ ਹੋ ਕੇ
ਦੂਰ ਦੂਰ ਤੱਕ
ਕਲ੍ਹ ਵੀ ਫੈਲਦੀ ਰਹੀ
ਤੇ ਅੱਜ ਵੀ ਫੈਲ ਰਹੀ --
ਇਕ ਜ਼ਿੰਦਾ ਮਹਿਕ...

### (iii) ਅੰਮ੍ਰਿਤਾ

ਕਦੇ ਕਦੇ
ਖ਼ੂਬਸੂਰਤ ਸੋਚਾਂ
ਖ਼ੂਬਸੂਰਤ ਸਰੀਰ ਵੀ
ਧਾਰ ਲੈਂਦੀਆਂ ਹਨ

*('ਜਸ਼ਨ ਜਾਰੀ ਹੈ' ਵਿੱਚੋਂ ਧੰਨਵਾਦ ਸਹਿਤ)*

# ਖ਼ੂਬਸੂਰਤ ਮੋੜ

ਸਾਹਿਰ ਲੁਧਿਆਣਵੀ



ਚਲੋ ਇਕ ਬਾਰ ਫਿਰ ਸੇ ਅਜਨਬੀ ਬਨ ਜਾਏਂ ਹਮ ਦੋਨੋਂ ।
ਨ ਮੈਂ ਤੁਮ ਸੇ ਕੋਈ ਉਮੀਦ ਰੱਖੂੰ ਦਿਲ ਨਵਾਜ਼ੀ ਕੀ ।

ਨ ਤੁਮ ਮੇਰੀ ਤਰਫ਼ ਦੇਖੋ ਗ਼ਲਤ-ਅੰਦਾਜ਼[1] ਨਜ਼ਰੋਂ ਸੇ,
ਨ ਮੇਰੇ ਦਿਲ ਕੀ ਧੜਕਨ ਲੜਖੜਾਏ ਮੇਰੀ ਬਾਤੋਂ ਸੇ ।

ਨ ਜ਼ਾਹਿਰ ਹੋ ਤੁਮ੍ਹਾਰੀ ਕਸ਼ਮਕਸ਼ ਕਾ ਰਾਜ਼ ਨਜ਼ਰੋਂ ਸੇ,
ਤੁਮਹੇ ਭੀ ਕੋਈ ਉਲਝਨ ਰੋਕਤੀ ਹੈ ਪੇਸ਼ ਕ਼ਦਮੀ[2] ਸੇ ।

ਮੁਝੇ ਭੀ ਲੋਗ ਕਹਿਤੇ ਹੈਂ ਕਿ ਯੇ ਜਲਵੇ ਪਰਾਏ ਹੈਂ,
ਮੇਰੇ ਹਮਰਾਹ ਭੀ ਰੁਸਵਾਈਆਂ ਹੈਂ ਮੇਰੇ ਮਾਜ਼ੀ[3] ਕੀ ।

ਤੁਮਹਾਰੇ ਸਾਥ ਭੀ ਗੁਜ਼ਰੀ ਹੂਈ ਰਾਤੋਂ ਕੇ ਸਾਏ ਹੈਂ,
ਤਆਰੁਫ਼[4] ਰੋਗ ਹੋ ਜਾਏ ਤੋ ਉਸ ਕੋ ਭੂਲਨਾ ਬਿਹਤਰ ।

ਤਅੱਲੁਕ[5] ਬੋਝ ਬਨ ਜਾਏ ਤੋ ਉਸ ਕੋ ਤੋੜਨਾ ਅੱਛਾ,
ਵੋ ਅਫ਼ਸਾਨਾ ਜਿਸੇ ਤਕਮੀਲ[6] ਤਕ ਲਾਨਾ ਨ ਹੋ ਮੁਮਕਿਨ ।

ਉਸੇ ਇਕ ਖ਼ੂਬਸੂਰਤ ਮੋੜ ਦੇਕਰ ਛੋੜਨਾ ਅੱਛਾ,
ਚਲੋ ਇਕ ਬਾਰ ਫਿਰ ਸੇ ਅਜਨਬੀ ਬਨ ਜਾਏਂ ਹਮ ਦੋਨੋਂ ।

*('ਤਲਖ਼ੀਆਂ' ਪੁਸਤਕ ਵਿੱਚੋਂ ਧੰਨਵਾਦ ਸਹਿਤ)*

1. ਭਰਮ ਪੈਦਾ ਕਰਨ ਵਾਲਾ, 2. ਅੱਗੇ ਵਧਣਾ, 3. ਅਤੀਤ, 4. ਪਰਿਚੈ, 5. ਸੰਬੰਧ, 6. ਅੰਤ ।

# ਗ਼ਜ਼ਲ

**ਜਸਵੰਤ ਸਿੰਘ ਸੇਖਵਾਂ**

ਕੀ ਸੁਣਾਵਾਂ ਹਾਲ ਆਪਣੇ ਸ਼ਹਿਰ ਦਾ ।
ਛਾਇਆ ਚਾਰ-ਚੁਫੇਰੇ ਮੌਸਮ ਕਹਿਰ ਦਾ ।

ਚੰਬਾ ਚਿੜੀਆਂ ਦਾ ਕਦੇ ਸੀ ਚਹਿਕਦਾ,
ਉਹ ਨਜ਼ਾਰਾ ਗ਼ਾਇਬ ਪਹਿਲੇ ਪਹਿਰ ਦਾ ।

ਮਕਸਦ ਦੇ ਲਈ ਬਣਦੀ ਟੁੱਟਦੀ ਦੋਸਤੀ,
ਰਿਸ਼ਤਾ ਸਾਹਿਲ ਸੰਗ ਹੈ ਜਿਵੇਂ ਲਹਿਰ ਦਾ ।

ਨਜ਼ਰ ਠਹਿਰੀ ਹੈ ਨਫ਼ੇ, ਨੁਕਸਾਨ 'ਤੇ,
ਕੌਣ ਕੀਤੇ ਵਾਅਦਿਆਂ 'ਤੇ ਠਹਿਰਦਾ ।

ਨਾ ਰਹੀ ਕਾਬਿਲ ਹਵਾ ਸਾਹ ਲੈਣ ਦੇ,
ਪੀਣ ਦੇ ਨਹੀਂ ਲਾਇਕ ਪਾਣੀ ਨਹਿਰ ਦਾ ।

ਆਇਆ ਦੌਰ ਮਿਲਾਵਟ ਦਾ ਕੋਈ ਇਸ ਕਦਰ,
ਤੱਤ ਹੈ ਹਰ ਜਿਣਸ ਅੰਦਰ ਜ਼ਹਿਰ ਦਾ ।

ਕਲਮ ਬਚਾਈਂ ਦੂਸ਼ਿਤ ਹੋਣੋਂ ਸੇਖਵਾਂ,
ਲਹੂ ਚਿੱਟਾ ਨਾ ਹੋਵੇ ਗ਼ਜ਼ਲ ਦੇ ਬਹਿਰ ਦਾ ।

12/53, ਗੀਤਾ ਕਾਲੋਨੀ, ਦਿੱਲੀ-110031

ਕਵਿਤਾ

# ਅਨੋਖਾ ਦੀਪ

ਆਤਮਾ ਸਿੰਘ ਚਿੱਟੀ



ਅਧਿਆਪਕ ਲੱਖਾਂ ਦੀਪ ਜਗਾਉਂਦਾ,
ਨਵੇਂ ਨਵੇਂ ਕਈ ਰਾਹ ਰੁਸ਼ਨਾਉਂਦਾ ।
ਮਨ ਦੇ ਦੂਰ ਹਨੇਰੇ ਕਰਦਾ,
ਗਿਆਨ ਨਾਲ ਇਹ ਝੋਲੀਆਂ ਭਰਦਾ ।
ਕੌਮਾਂ ਕਰਨ ਇਹਦੇ 'ਤੇ ਮਾਣ,
ਬੱਚਿਆਂ ਦਾ ਦੂਜਾ ਭਗਵਾਨ ।
ਸਾਰੀ ਦੁਨੀਆ ਵਿੱਚ ਮਹਾਨ,
ਇਲਮਾਂ ਦੀ ਵਡਮੁੱਲੀ ਖ਼ਾਨ ।
ਵਧੀਆ ਚੰਗੀ ਗੱਲ ਸਮਝਾਵੇ,
ਰਾਹ ਦਸੇਰਾ ਇਹ ਕਹਾਵੇ ।
ਹਰ ਥਾਂ ਮਾਣ ਤੇ ਸ਼ੋਭਾ ਪਾਉਂਦਾ,
ਬੱਚਿਆਂ ਦਾ ਇਹ ਭਵਿੱਖ ਬਣਾਉਂਦਾ ।
ਨਵੀਂ ਪਨੀਰੀ ਪਾਣੀ ਲਾਉਂਦਾ,
ਨਿੱਕੇ ਬੂਟੇ ਰੁੱਖ ਬਣਾਉਂਦਾ ।
ਇਹ ਬੱਚਿਆਂ ਦੀ ਕਿਸਮਤ ਘੜਦਾ,
ਨਾਲ ਬੁਰਾਈਆਂ ਸਦਾ ਇਹ ਲੜਦਾ ।
ਵਿੱਦਿਆ ਦੀ ਇਹ ਜੋਤ ਜਗਾਵੇ,
ਨਿੱਕੇ ਵੱਡੇ ਸਭ ਪੜ੍ਹਾਵੇ ।
ਹਮਦਰਦੀ ਕਰਨੀ ਇਹਨੇ ਸਿਖਾਈ,
ਹਰ ਥਾਂ ਇਹਨੇ ਰੱਖ ਵਿਖਾਈ ।
ਪ੍ਰੀਤਾਂ ਦੀ ਇਹ ਮਹਿਕ ਖਿਲਾਰੇ,
ਬੱਚਿਆਂ ਉੱਤੋਂ ਜਿੰਦੜੀ ਵਾਰੇ ।
ਇਹ ਦੀਪ ਅਨੋਖਾ ਜੱਗ 'ਤੇ,
ਆਦਰ ਇਸ ਦਾ ਚੋਖਾ ਜੱਗ 'ਤੇ ।

*ਪਿੰਡ ਤੇ ਡਾਕਖਾਨਾ : ਚਿੱਟੀ, ਜ਼ਿਲ੍ਹਾ ਜਲੰਧਰ-144028 (ਪੰਜਾਬ)*

# ਦੋ ਬਾਲ ਕਵਿਤਾਵਾਂ/ਰਮਨਦੀਪ ਗਿੱਲ



## ਨਵੀਆਂ ਕਲਾਸਾਂ

ਆ ਗਿਆ ਨਤੀਜਾ ਅਸੀਂ ਪਾਸ ਹੋ ਗਏ,
ਮਿਹਨਤਾਂ ਦੇ ਪੈ ਗਏ ਨੇ ਮੁੱਲ ਦੋਸਤੋ ।

ਨਕਲ ਤੋਂ ਸਦਾ ਹੀ ਕੰਨੀਂ ਕਤਰਾਈ,
ਹੁਣ ਤੱਕ ਕੀਤੀ ਨਾ ਇਹ ਭੁੱਲ ਦੋਸਤੋ ।

ਨਵੀਆਂ ਕਲਾਸਾਂ ਵਿੱਚ ਲੈ ਕੇ ਦਾਖ਼ਲੇ,
ਖ਼ੁਸ਼ੀ ਵਿੱਚ ਜਾਣਾ ਅਸੀਂ ਫੁੱਲ ਦੋਸਤੋ ।

ਨਵੀਆਂ ਕਿਤਾਬਾਂ ਨੂੰ ਚਾਈਂ ਚਾਈਂ ਪੜ੍ਹਾਂਗੇ,
ਨਾਲ ਕਾਪੀਆਂ ਵੀ ਜਾਣੀਆਂ ਨੇ ਖੁੱਲ੍ਹ ਦੋਸਤੋ ।

ਵਿੱਦਿਆ ਦਾ ਗਹਿਣਾ ਨਾਲ ਸਾਡੇ ਰਹਿਣਾ,
ਇਹਦੇ ਬਿਨਾਂ ਜਾਣਾ ਕੱਖਾਂ ਵਾਂਗੂੰ ਰੁਲ ਦੋਸਤੋ ।

ਪੜ੍ਹ-ਲਿਖ ਉੱਚੀਆਂ ਮੰਜ਼ਿਲਾਂ ਨੂੰ ਪਾਉਣਾ,
ਆਪਾਂ ਬਣ ਜਾਣਾ ਹੀਰਿਆਂ ਦੇ ਤੁੱਲ ਦੋਸਤੋ ।

'ਰਮਨ' ਕਹੇ ਮਨ ਲਾ ਕੇ ਕਰ ਲਉ ਪੜ੍ਹਾਈ,
ਇਹ ਤੋਹਫ਼ਾ ਸਭ ਨਾਲੋਂ ਹੈ ਅਮੁੱਲ ਦੋਸਤੋ ।

## ਯਾਦ ਬੜਾ ਹੀ ਆਏ ਬਚਪਨ

ਉਦੋਂ ਮੈਨੂੰ ਸੱਚੀਂ ਮੁੱਚੀਂ, ਯਾਦ ਬੜਾ ਹੀ ਆਏ ਬਚਪਨ ।
ਜਦ ਮੈਂ ਵੇਖਾਂ ਭੱਜਦਾ-ਨੱਠਦਾ, ਗਲੀਆਂ ਦੇ ਵਿੱਚ ਗਾਏ ਬਚਪਨ ।
ਤੋਤਲੇ-ਤੋਤਲੇ ਬੋਲਾਂ ਦੇ ਨਾਲ, ਘਰ ਵਿੱਚ ਰੌਣਕ ਲਾਏ ਬਚਪਨ ।
ਦੁਨੀਆ ਤੋਂ ਹੋ ਬੇਪਰਵਾਹਾ, ਜ਼ਿੰਦਗੀ ਖ਼ੂਬ ਹੰਢਾਏ ਬਚਪਨ ।
ਨਾ ਕੋਈ ਵੈਰ-ਵਿਰੋਧ, ਨਾ ਸਾੜਾ, ਰੱਬ ਦਾ ਰੂਪ ਕਹਾਏ ਬਚਪਨ ।
ਆਪਣੀ ਨੀਂਦੇ ਸੌਣਾ, ਉੱਠਣਾ, ਮਸਤੀ ਵਿੱਚ ਸ਼ੋਰ ਮਚਾਏ ਬਚਪਨ ।
'ਰਮਨ' ਸਮੇਂ ਦੀ ਆਪਣੀ ਚਾਲ, ਹੁਣ ਕਿੱਥੋਂ ਮੋੜ ਲਿਆਏ ਬਚਪਨ ?

*ਪਿੰਡ ਤੇ ਡਾਕ: ਘੱਲ ਕਲਾਂ, ਜ਼ਿਲ੍ਹਾ ਮੋਗਾ-142048 (ਪੰਜਾਬ)*

# ਪਰੀਸ਼ਦ ਗਤੀਵਿਧੀਆਂ



**1.**

ਪਰੀਸ਼ਦ ਹੈਡ ਆਫ਼ਿਸ, ਪਾਲਿਕਾ ਕੇਂਦਰ ਵਿੱਚ 5 ਅਗਸਤ, 2013 ਨੂੰ ਨਵੇਂ ਨਿਯੁਕਤ ਪਰੀਸ਼ਦ ਪ੍ਰਧਾਨ, ਸ੍ਰੀ ਜਲਜ ਸ੍ਰੀਵਾਸਤਵ ਨੇ ਸ੍ਰੀ ਧਰਮੇਂਦਰ, ਸੰਯੁਕਤ ਸਕੱਤਰ, ਸ਼ਹਿਰੀ ਵਿਕਾਸ ਮੰਤਰਾਲੇ, ਭਾਰਤ ਸਰਕਾਰ; ਸੁਸ੍ਰੀ ਨਿਲਾ ਮੋਹਨਨ, ਅਤਿਰਿਕਤ ਸਕੱਤਰ, ਦਿੱਲੀ ਸਰਕਾਰ ਅਤੇ ਸ੍ਰੀ ਆਈ. ਏ. ਸਿੱਦੀਕੀ ਅਤੇ ਸ੍ਰੀ ਸੁਕਾਰਾਮ ਨੂੰ ਮੈਂਬਰ ਦੇ ਰੂਪ ਵਿੱਚ ਸੌਂਹ ਦਿਵਾਈ।





**2.**

ਪਰੀਸ਼ਦ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਨੇ ਜ਼ੋਰ ਬਾਗ਼ ਸਥਿਤ ਰਾਜਧਾਨੀ ਨਰਸਰੀ ਦੇ ਨੇੜੇ ਨਵੇਂ ਬਣੇ ਪਾਰਕ ਦਾ ਉਦਘਾਟਨ 10 ਅਗਸਤ, 2013 ਨੂੰ ਪੌਦਾ ਲਗਾ ਕੇ ਕੀਤਾ।

# ਪਰੀਸ਼ਦ ਗਤੀਵਿਧੀਆਂ



## 3.

ਪਰੀਸ਼ਦ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਨੇ 15 ਅਗਸਤ, 2013 ਨੂੰ ਪਰੀਸ਼ਦ ਹੈੱਡ ਆਫ਼ਿਸ, ਪਾਲਿਕਾ ਕੇਂਦਰ ਦੇ ਵਿਹੜੇ ਵਿੱਚ ਭਾਰਤ ਦੇ 67ਵੇਂ ਆਜ਼ਾਦੀ ਦਿਵਸ ਦੇ ਅਵਸਰ ਤੇ ਤਿਰੰਗਾ ਫਹਿਰਾਇਆ । ਪਰੀਸ਼ਦ ਸਕੂਲਾਂ ਦੀਆਂ ਵਿਦਿਆਰਥਣਾਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਸਮਾਰੋਹ ਵਿੱਚ ਸ੍ਰੀ ਅਸ਼ੋਕ ਆਹੂਜਾ, ਸ੍ਰੀ ਆਈ. ਏ. ਸਿੱਦੀਕੀ, ਪਰੀਸ਼ਦ ਮੈਂਬਰ, ਪਰੀਸ਼ਦ ਸਕੱਤਰ ਸ੍ਰੀ ਵਿਕਾਸ ਆਨੰਦ ਤੋਂ ਇਲਾਵਾ ਪਰੀਸ਼ਦ ਦੇ ਅਧਿਕਾਰੀ, ਕਰਮਚਾਰੀ ਅਤੇ ਸਕੂਲੀ ਬੱਚਿਆਂ ਨੇ ਵੀ ਹਿੱਸਾ ਲਿਆ ।





## 4.

ਸ੍ਰੀਮਤੀ ਸ਼ੀਲਾ ਦੀਕਸ਼ਿਤ, ਮੁੱਖ ਮੰਤਰੀ, ਦਿੱਲੀ ਨੇ ਚਾਣਕਯਪੁਰੀ ਸਥਿਤ ਬਾਪੂ ਧਾਮ ਵਿੱਚ ਬਹੁਮੰਜ਼ਲੀ ਕਰਮਚਾਰੀ ਰਿਹਾਇਸ਼ੀ ਪਰਿਸਰ ਦਾ 24 ਅਗਸਤ, 2013 ਨੂੰ ਉਦਘਾਟਨ ਕੀਤਾ । ਇਸ ਮੌਕੇ ਤੇ ਪਰੀਸ਼ਦ ਪ੍ਰਧਾਨ, ਸ੍ਰੀ ਜਲਜ ਸ੍ਰੀਵਾਸਤਵ, ਪਰੀਸ਼ਦ ਸਕੱਤਰ ਸ੍ਰੀ ਵਿਕਾਸ ਆਨੰਦ ਅਤੇ ਪਰੀਸ਼ਦ ਮੈਂਬਰਾਂ, ਅਧਿਕਾਰੀਗਣ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਲੋਕਲ ਵਸਨੀਕ ਵੀ ਮੌਜੂਦ ਸਨ ।

# ਪਰੀਸ਼ਦ ਗਤੀਵਿਧੀਆਂ



**5.** ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਹਿੰਦੀ ਵਿਭਾਗ ਵੱਲੋਂ ਪਰੀਸ਼ਦ ਕਰਮਚਾਰੀਆਂ ਵਿੱਚ ਹਿੰਦੀ ਭਾਸ਼ਾ ਦੇ ਪ੍ਰਚਾਰ ਲਈ 16 ਅਗਸਤ, 2013 ਨੂੰ ਪਰੀਸ਼ਦ ਦੇ ਕਨਵੈਨਸ਼ਨ ਸੈਂਟਰ ਵਿੱਚ ਹਿੰਦੀ ਕਾਰਜਸ਼ਾਲਾ ਦਾ ਆਯੋਜਨ ਕੀਤਾ ਗਿਆ। ਸ੍ਰੀ ਪ੍ਰੇਮ ਸਿੰਘ, ਉਪ-ਨਿਰਦੇਸ਼ਕ ਨੇ ਮੌਜੂਦ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਸਾਹਮਣੇ ਆਪਣੇ ਵਿਚਾਰ ਰੱਖੇ। ਇਸ ਮੌਕੇ 'ਤੇ ਸਹਾਇਕ ਪੁਸਤਕਾਂ ਵੀ ਵੰਡੀਆਂ ਗਈਆਂ। ਕਾਰਜਸ਼ਾਲਾ ਦੇ ਸਮਾਪਨ ਤੇ ਸ੍ਰੀਮਤੀ ਅਨੀਤਾ ਜੋਸ਼ੀ, ਪ੍ਰਕਾਸ਼ਕ ਸੰਪਾਦਕ ਨੇ ਮੌਜੂਦ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਧੰਨਵਾਦ ਕੀਤਾ।





# ਤੁਹਾਡੇ ਖ਼ਤ

• ‘ਪਾਲਿਕਾ ਸਮਾਚਾਰ’ ਮਈ-ਜੂਨ 2013 ਦਾ ਨਵਾਂ ਰੂਪ, ਆਕਾਰ ਤੇ ਦਿੱਖ ਦੇਖ ਕੇ ਪ੍ਰਸੰਨਤਾ ਹੋਈ। ਸ਼ਾਲਾ! ਇਹ ਇਸੇ ਤਰ੍ਹਾਂ ਕਾਮਯਾਬੀਆਂ ਵੱਲ ਵੱਧਦਾ ਰਹੇ। ਇਸ ਵਿਚਲੀਆਂ ਰਚਨਾਵਾਂ ਵਧੀਆ ਲੱਗੀਆਂ। ਖ਼ਾਸ ਤੌਰ ਤੇ ਕਹਾਣੀ (ਪਛਤਾਵਾ), ਕਵਿਤਾਵਾਂ (ਮਾਂ, ਵਾਪਸੀ) ਅਤੇ ‘ਤੂੰ ਜਿੱਤ ਗਿਐਂ’ (ਬਾਲ ਕਹਾਣੀ)!

• ਕਰਮਵੀਰ ਸਿੰਘ ਸੂਰੀ, ਪਟਿਆਲਾ

• ਨਵੇਂ ਰੂਪ, ਨਵੀਂ ਸੱਜ-ਧੱਜ, ਨਵੀਨ ਮੂੰਹ-ਮੁਹਾਂਦਰੇ ’ਚ ਅੰਕ 5-6, ਮਈ-ਜੂਨ-2013 ਜਦੋਂ ਮੇਰੇ ਕੋਲ ਪਹੁੰਚਿਆ ਤਾਂ ਇਸ ਦੀਆਂ ਨਵੀਆਂ ਨੁਹਾਰਾਂ ਨੂੰ ਵੇਖ ਕੇ ਦਿਲ ਬੇਹੱਦ ਖ਼ੁਸ਼ ਤੇ ਬਾਗ਼-ਬਾਗ਼ ਹੋਇਆ ਹੈ। ਉਮੀਦ ਹੈ, ਹੁਣ ਇਸ ਰੂਪ ’ਚ ‘ਪਾਲਿਕਾ ਸਮਾਚਾਰ’ (ਪੰਜਾਬੀ) ਲੰਬੇ ਸਮੇਂ ਤੱਕ ਸਾਨੂੰ ਉਪਲਬਧ ਰਹੇਗਾ। ‘ਪਾਲਿਕਾ ਸਮਾਚਾਰ’ (ਪੰਜਾਬੀ) ਵਿੱਚ ਪਾਠਕਾਂ ਤੇ ਲੇਖਕਾਂ ਦੇ ਖ਼ਤ ਵੀ ਛਾਪੇ ਜਾਣ ਜੋ ਕਿ ਇਸ ਦਾ ਕੀਮਤੀ ਸਰਮਾਇਆ ਹੁੰਦੇ ਹਨ।

• ਹਰਿਭਜਨ ਸਿੱਧੂ ਮਾਨਸਾ, ਮਾਨਸਾ

• ਬੜੇ ਲੰਮੇ ਸਮੇਂ ਬਾਅਦ ਮੈਨੂੰ ‘ਪਾਲਿਕਾ ਸਮਾਚਾਰ’ ਦਾ ਤਾਜ਼ਾ ਅੰਕ (ਮਈ-ਜੂਨ-2013) ਨਵੇਕਲੇ ਰੂਪ ਵਿੱਚ ਪ੍ਰਾਪਤ ਹੋਇਆ ਹੈ। ਇਸ ਪਤ੍ਰਿਕਾ ਦੀ ਨਵੀਂ ਸ਼ੋਭਾ ਲਈ ਤੁਹਾਨੂੰ ਮੁਬਾਰਕ!

• ਪ੍ਰੋ. ਨਵ ਸੰਗੀਤ ਸਿੰਘ, ਬਠਿੰਡਾ

• ਮਈ-ਜੂਨ-2013 ਦਾ ਅੰਕ ਪ੍ਰਾਪਤ ਹੋਇਆ। ਪੜ੍ਹ ਕੇ ਬਹੁਤ ਹੀ ਪਿਆਰਾ ਅੰਕ ਲੱਗਾ ਹੈ। ਇਹ ਅੰਕ ਨਵੇਂ ਕਲੇਵਰ ’ਚ ਆਪਣੀ ਵੱਖਰੀ ਹੀ ਪਹਿਚਾਣ ਦੇ ਰਿਹਾ ਹੈ। ਛਪਾਈ, ਰਚਨਾਵਾਂ, ਵਧੀਆ ਕਾਗ਼ਜ਼ ਤੇ ਹੋਰ ਵੀ ਬਹੁਤ ਕੁਝ। ਇਹ ਅੰਕ ਸਾਂਭਣਯੋਗ ਅੰਕ ਹੈ। ਇਸ ਲਈ ਆਪ ਸਭ ਅਤੇ ਸਟਾਫ਼ ਵਧਾਈ ਦੇ ਪਾਤਰ ਹੋ। ਇਕ ਵਾਰ ਫਿਰ ‘ਪਾਲਿਕਾ ਸਮਾਚਾਰ’ ਦੀ ਨਵੀਂ ਦਿੱਖ ਲਈ ਦਿਲੀ ਮੁਬਾਰਕਾਂ!

• ਮਦਨ ਬੰਗੜ, ਜ਼ਿਲ੍ਹਾ ਜਲੰਧਰ